# ਸਮਤਾ

ਮਾਰਚ 1985 (ਅੰਕ 58)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਸੁਲਗਦੀ

ਮਾਰਚ 1985

ਮੁੱਲ—ਦੋ ਰੁਪਏ

58

## ਇਕ ਖੁਲ੍ਹੀ ਚਿੱਠੀ

ਸੇਵਾ ਵਿਖੇ, **ਸ੍ਰੀ ਰਾਜੀਵ ਗਾਂਧੀ, ਪ੍ਰਧਾਨ ਮੰਤਰੀ ਭਾਰਤ ਸਰਕਾਰ, ਨਵੀਂ ਦਿੱਲੀ।**

ਸ੍ਰੀ ਮਾਨ, ਇਹ ਚਿੱਠੀ ਮੈਂ ਤੈਨੂੰ ਇਕ ਦੇਸ਼ ਦਾ ਸਾਧਾਰਨ ਸ਼ਹਿਰੀ ਹੋਣ ਕਰਕੇ ਲਿਖ ਰਿਹਾ ਹਾਂ। ਮੇਰੇ ਨਾਂ ਨਾਲ ਭਾਵੇਂ ਸਿੰਘ ਹੈ ਪਰ ਮੈਂ ਬੜੀ ਹਲੀਮੀ ਨਾਲ ਇਹ ਗੱਲ ਕਹਿੰਦਾ ਹਾਂ ਕਿ ਮੈਂ ਆਪਣੇ ਆਪ ਵਿਚ ਕਦੀ ਦਾਅਵਾ ਨਹੀਂ ਕੀਤਾ ਕਿ ਮੈਂ ਸਿਰਫ ਗੁਰੂ ਦੀ ਸਾਜੀ ਸਾਧ ਸੰਗਤ ਦਾ ਦਾਸ ਹੀ ਹਾਂ। ਮੈਂ ਇਕ ਸਾਧਾਰਨ ਸ਼ਹਿਰੀ ਹਾਂ ਤੇ ਸਿਰਫ ਇਕ ਸਾਧਾਰਨ ਮਨੁੱਖ ਹਾਂ ਤੇ ਜ਼ੋਰ ਦੇ ਕੇ ਕਹਿਣਾ ਚਾਹੁੰਦਾ ਹਾਂ ਕਿ ਮੇਰਾ ਨਾਂ ਕਿਸੇ ਧਰਮ ਜਾਂ ਮਜ਼ਹਬ ਨਾਲ ਨਾਂ ਜੋੜਿਆ ਜਾਏ। ਮੈਂ ਉਹਨਾਂ ਸਾਧਾਰਨ ਲੋਕਾਂ ਵਿਚੋਂ ਹਾਂ :—

- ਜੋ ਉਸ ਵੇਲੇ ਵੀ ਰੋਸ ਦੀ ਆਵਾਜ਼ ਉੱਚੀ ਕਰਦੇ ਸਨ, ਜਦੋਂ ਜੂਨ 1984 ਤੋਂ ਪਹਿਲਾਂ, ਧਾਰਮਕ ਜਨੂੰਨ ਦੇ ਨਾਂ ਥਲੇ ਬੇਗੁਨਾਹ ਲੋਕਾਂ ਦੇ ਕਤਲ (ਜਿਨ੍ਹਾਂ ਦੇ ਸਿਰ ਤੇ ਪਗੜੀ ਨਹੀਂ ਸੀ) ਹੋ ਰਹੇ ਸਨ।
- ਜੋ ਉਸ ਵੇਲੇ ਵੀ ਰੋਸ ਦੀ ਆਵਾਜ਼ ਉੱਚੀ ਕਰਦੇ ਸਨ ਜਦੋਂ ਝੂਠੇ ਪੁਲਸ ਮੁਕਾਬਲਿਆਂ ਵਿਚ ਨੌਜਵਾਨ ਮਾਰੇ ਜਾਂਦੇ ਸਨ। ਇਹ ਮਾਰੇ ਜਾਣ ਵਾਲੇ ਲੋਕ ਭਾਵੇਂ ਕਮਿਊਨਿਸਟ ਇਨਕਲਾਬੀ ਸਨ ਤੇ ਭਾਵੇਂ ਅੰਮ੍ਰਿਤਧਾਰੀ ਸਿੱਖ ਸਨ।
- ਜਿਨ੍ਹਾਂ ਨੇ ਇਹ ਆਵਾਜ਼ ਉਠਾਈ ਕਿ ਦਰਬਾਰ ਸਾਹਿਬ ਵਿਚ ਕਾਤਲਾਂ ਨੂੰ ਪਨਾਹ ਦੇਣੀ ਗਲਤ ਹੈ ਅਤੇ ਜਿਨ੍ਹਾਂ ਕੋਲ ਦਰਬਾਰ ਸਾਹਿਬ ਦਾ ਪ੍ਰਬੰਧ ਹੈ, ਉਹ ਇਸ ਜ਼ਿਮੇਵਾਰੀ ਤੋਂ ਸੁਰਖਰੂ ਨਹੀਂ ਹੋ ਸਕਦੇ।
- ਜਿਨ੍ਹਾਂ ਨੇ ਇਹ ਵੀ ਕਿਹਾ ਕਿ ਕਾਤਲ ਦਰਬਾਰ ਸਾਹਿਬ ਉੱਡਕੇ ਨਹੀਂ ਪੁੱਜ ਜਾਂਦੇ, ਸਮੇਂ ਦੀ ਸਰਕਾਰ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਸਾਧਾਰਨ ਸ਼ਹਿਰੀਆਂ ਨੂੰ ਕਾਤਲਾਂ ਦੇ ਹਥੋਂ ਬਚਾਏ।
- ਜਿਨ੍ਹਾਂ ਇਹ ਵੀ ਕਿਹਾ ਕਿ ਇਕ ਵਿਅਕਤੀ ਨੂੰ ਫੜਣ ਲਈ (ਭਾਵੇਂ ਉਹ ਕਾਨੂੰਨ ਦੀਆਂ ਨਜ਼ਰਾਂ ਵਿਚ ਕਿੰਨਾਂ ਵਡਾ ਗੁਨਾਹਗਾਰ ਹੋਵੇ) ਹਰਮੰਦਰ ਸਾਹਿਬ ਵਿਚ ਏਨੇ ਵਡੇ ਪੈਮਾਨੇ ਦੀ ਫੌਜੀ ਕਾਰਵਾਈ ਤੇ ਤਬਾਹੀ ਇਕ ਸਰਾਸਰ ਗਲਤ ਕਾਰਵਾਈ ਹੈ ਅਤੇ ਇਸ ਫੌਜੀ ਕਾਰਵਾਈ ਵਿਚ ਵੀ ਅਗੋਂ ਹੋਰ ਬੇਗੁਨਾਹ ਲੋਕਾਂ ਦਾ

**ਇਸ ਅੰਕ ਵਿਚ :**

ਇਕ ਖੁੱਲ੍ਹੀ ਚਿੱਠੀ ਪ੍ਰਧਾਨ ਮੰਤਰੀ ਦੇ ਨਾਂ।
ਸੰਪਾਦਕੀ ਨੋਟ : ਜਾਸੂਸੀ ਕਾਂਡ, ਆਂਧਰਾ ਤੇ ਪੰਜਾਬ ਦੇ ਪ੍ਰਸੰਗ ਵਿਚ ਫਾਸ਼ੀਵਾਦ ਵੱਲ ਵੱਧਦੇ ਕਦਮਾਂ ਦੀ ਰੀਪੋਰਟ, ਅਤਿਵਾਦ ਨਾਲ ਨਿਬੜਣ ਦੇ ਗਲਤ ਢੰਗ ਅਤੇ ਪਲਸ ਮੰਚ ਦਾ ਜਲੰਧਰ ਸਮਾਗਮ।
ਕਹਾਣੀਆਂ : ਯੁਵਰਾਜ ਸਿੰਘ ਰਤਨ, ਨੂਰ ਸੰਤੋਖਪੁਰੀ।
ਜਿਉਤਸ਼ ਵਿਦਿਆ ਅਤੇ ਪੁਨਰ ਜਨਮ ਵਲੋਂ ਰੈਸ਼ਨਲਿਸਟ ਸੋਸਾਇਟੀ ਦੀਆਂ ਲਿਖਤਾਂ।
ਕਵਿਤਾਵਾਂ : ਤਰਸੇਮ ਗੁਜਰਾਲ, ਗੁਰਜੀਤ, ਮਿੰਦਰਪਾਲ ਭਠੱਲ, ਕਰਮਜੀਤ ਸਿੰਘ।
ਰੀਪੋਰਟ : ਪਲਸ ਮੰਚ ਸਮਾਗਮ ਗੁਰਬਖਸ਼ ਜੱਸ।
ਪੁਸਤਕ ਪਹਿਚਾਣ : ਮਲਾਹਾਂ ਦੀ ਹੇਕ ਤੇ, ਕੁਝ ਵੀ ਨਹੀਂ ਤੇ ਪਾਠਕ ਲੇਖਕ ਫੋਰਮ।

ਮਾਰਿਆ ਜਾਣਾ, ਇਕ ਐਸਾ ਗੁਨਾਹ ਜਿਸ ਤੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੇ ਪ੍ਰਧਾਨ ਗਿਆਨੀ ਜ਼ੈਲ ਸਿੰਘ ਕਦੀ ਵੀ ਬਰੀ ਨਹੀਂ ਕੀਤੇ ਜਾ ਸਕਦੇ ।

- ਜਿਨ੍ਹਾਂ ਇਹ ਵੀ ਕਿਹਾ ਸੀ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸਿਆਸੀ ਹਾਰ ਦੇਣ ਦੀ ਥਾਂ, ਉਹਦੀ ਜਿਸਮਾਨੀ ਹਤਿਆ ਬਹੁਤ ਹੀ ਗ਼ਲਤ ਧਾਰਨਾ ਹੈ, ਜਿਸ ਦੀ ਜਿੰਨੀ ਵੀ ਨਿੰਦਿਆ ਕੀਤੀ ਜਾਏ, ਉਹ ਥੋੜੀ ਹੈ ਜਿਨ੍ਹਾਂ ਇਹ ਵੀ ਕ੍ਰਿਹਾ ਸੀ ਕਿ ਪ੍ਰਧਾਨ ਮੰਤਰੀ ਦੀ ਹੱਤਿਆ ਤੇ ਬਾਅਦ ਕਾਂਗਰਸੀ ਗੁੰਡਿਆਂ ਦੇ ਹਥੋਂ ਸਾਧਾਰਨ ਸਿਖਾਂ ਦਾ ਕਤਲਿਆਮ ਇਕ ਬਹੁਤ ਵੱਡਾ ਗੁਨਾਹ ਹੈ ਤੇ ਕਾਂਗਰਸ ਪਾਰਟੀ ਨੂੰ ਇਸ ਦੇ ਲਈ ਕਦੀ ਮੁਆਫ ਨਹੀਂ ਕੀਤਾ ਜਾ ਸਕਦਾ ।
- ਜੋ ਇਹ ਕਹਿੰਦੇ ਹਨ ਕਿ ਵੀਹਵੀਂ ਸਦੀ ਵਿਚ ਮਜ਼ਹਬ ਤੇ ਆਧਾਰਤ ਸਿਆਸਤ ਇਤਿਹਾਸ ਦਾ ਪਹੀਆ ਪੁੱਠਾ ਚਲਾਉਣ ਦੇ ਬਰਾਬਰ ਹੈ ।
- ਜਿਹੜੇ ਇਹ ਕਹਿੰਦੇ ਹਨ ਕਿ ਅਨੰਦਪੁਰ ਸਾਹਿਬ ਦਾ ਰੈਜ਼ੂਲੇਸ਼ਨ ਮੰਨਣ ਜਾਂ ਨਾਂ ਮੰਨਣ ਨਾਲ ਲੋਕਾਂ ਦੇ ਬੁਨਿਆਦੀ ਮੱਸਲਿਆਂ ਦੇ ਹੱਲ ਹੋਣ ਦੀ ਕੋਈ ਸੰਭਾਵਨਾ ਨਹੀਂ ।

ਹਾਂ ਮੈਂ ਉਨ੍ਹਾਂ 'ਚੋਂ ਇਕ ਹਾਂ ਜੋ ਇਹ ਸਮਝਦੇ ਹਨ ਕਿ ਇਹ ਭਾਰਤ ਸਾਰੇ ਲੋਕਾਂ ਦਾ ਸਾਂਝਾ ਹੈ ਤੇ ਇਸ ਵਿਚ ਪੰਜਾਬ ਵੀ ਸ਼ਾਮਿਲ ਹੈ । ਇਥੇ ਕਿਸੇ ਇਕ ਫਿਰਕੇ ਦੀ ਕੋਈ ਵਿਸ਼ੇਸ਼ ਹੱਕਾਂ ਦੀ ਇਜਾਰੇਦਾਰੀ ਨਹੀਂ । ਭਾਵੇਂ ਉਹ ਬਹੁਗਿਣਤੀ ਹੈ ਜਾਂ ਘੱਟ ਗਿਣਤੀ ਵਿਚ ਹੈ । ਇਸ ਸਪਸ਼ਟ ਸਟੈਂਡ ਤੇ ਖਲੋਕੇ ਮੈਂ ਤੈਨੂੰ ਹੇਠ ਲਿਖੀਆਂ ਸਤਰਾਂ ਲਿਖ ਰਿਹਾ ਹਾਂ ।

ਪਹਿਲੀ ਗਲ ਤਾਂ ਮੈਂ ਫੇਰ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਸਾਡੇ ਸਾਰੇ ਸਾਧਾਰਨ ਲੋਕਾਂ ਦਾ ਹੈ । ਇਹ ਪੰਜਾਬ ਕੋਈ ਕਾਂਗਰਸ ਪਾਰਟੀ ਜਾਂ ਅਕਾਲੀ ਪਾਰਟੀ ਦੀ ਜਗੀਰ ਨਹੀਂ ਕਿ ਦੋਨਾਂ ਦੀ ਕੁਰਸੀ ਦੀ ਲੜਾਈ ਵਿਚ ਇਸਨੂੰ ਛਿੱਕੇ ਟੰਗਿਆ ਜਾ ਸਕੇ ।

ਤੂੰ ਅਕਾਲੀਆਂ ਨੂੰ ਕਹਿੰਦਾ ਹੈਂ ਕਿ ਉਹ ਅਤਿਵਾਦ ਬਾਰੇ ਆਪਣਾ ਸਪੱਸ਼ਟ ਸਟੈਂਡ ਦਸਣ, ਤੇਰਾ ਇਹ ਕਹਿਣਾ ਸਰਾਸਰ ਨਜਾਇਜ਼ ਹੈ । ਉਹ ਅਲੈਕਸ਼ਨ ਕਮਿਸ਼ਨ ਵਲੋਂ ਪ੍ਰਵਾਨਤ ਇੱਕ ਬਾਕਾਇਦਾ ਸਿਆਸੀ ਪਾਰਟੀ ਹਨ । ਉਹਨਾਂ ਦਾ ਜੋ ਵੀ ਸਟੈਂਡ ਹੈ, ਉਹ ਲੋਕਾਂ ਵਿਚ ਦਸਣਗੇ, ਤੂੰ ਪੁਛਣ ਵਾਲਾ ਕੌਣ ਏਂ ? ਨਾਲੇ ਅਤਿਵਾਦ ਨਾਲ ਨਿਬੜਣਾ ਹੁਣ ਤੇਰੀ ਪ੍ਰਬੰਧਕੀ ਜ਼ਿਮੇਵਾਰੀ ਹੈ, ਉਹਨਾਂ ਦੀ ਨਹੀਂ । ਜਿਨ੍ਹਾਂ ਦੀ ਸਾਰੀ ਲੀਡਰਸ਼ਿਪ ਜੇਲ੍ਹ ਵਿਚ ਬੈਠੀ ਹੈ । ਹੁਣ ਤੂੰ ਇਹ ਨਹੀਂ ਕਹਿ ਸਕਦਾ ਕਿ ਅਤਿਵਾਦੀ ਗੁਰਦੁਆਰਿਆਂ ਵਿਚ ਸ਼ਰਨ ਲੈਂਦੇ ਹਨ । ਉਥੇ ਹੁਣ ਤੇਰੀ ਪੁਲਸ ਅਤੇ ਫੌਜ ਨੂੰ ਜਾਣ ਦੀ ਕੋਈ ਮਨ੍ਹਾਹੀ ਨਹੀਂ ।

ਅਕਾਲੀ ਅਗੋਂ ਇਹ ਕਹਿੰਦੇ ਹਨ ਕਿ ਤੂੰ ਉਹਨਾਂ ਤੋਂ ਪੁਛਣ ਤੋਂ ਪਹਿਲਾਂ ਇਹ ਦੱਸ ਕਿ ਤੇਰਾ ਦਿਲ੍ਹੀ ਦੇ ਕਾਤਲ ਗੁੰਡਿਆਂ ਨਾਲ ਕੀ ਰਿਸ਼ਤਾ ਹੈ ? ਸਾਰੀ ਦੁਨੀਆਂ ਜਾਣਦੀ ਹੈ ਕਿ ਇਹ ਕਾਤਲ ਗੁੰਡੇ ਤੇਰੀ ਪਾਰਟੀ ਦੇ ਸਨ । ਇਹਨਾਂ ਵਿਚੋਂ ਤੂੰ ਇਕ ਨੂੰ ਸਟੇਟ ਮਨਿਸਟਰ ਤੋਂ ਪੂਰਾ ਕੈਬਨਿਟ ਮਨਿਸਟਰ ਬਣਾ ਦਿਤਾ ਹੈ । ਹੁਣ ਇਹ ਨਾਂ ਆਖੀਂ ਕਿ ਕਾਤਲ ਨੇ ਤਿੰਨ ਲੱਖ ਵੋਟਾਂ ਲਈਆਂ ਹਨ । ਉਹਦੇ ਨਾਲ ਉਹਦਾ ਕਤਲ ਵਿਚ ਸ਼ਾਮਿਲ ਹੋਣ ਦਾ ਗੁਨਾਹ ਮੁਆਫ ਨਹੀਂ ਕੀਤਾ ਜਾ ਸਕਦਾ । ਕਦੇ ਡਾਕੂ ਮਾਨ ਸਿੰਘ ਚੰਬਲ ਘਾਟੀ ਤੋਂ ਚੋਣਾਂ ਲੜੇ ਤਾਂ ਉਹ ਵੀ ਇਸ ਤੋਂ ਵੱਧ ਵੋਟਾਂ ਲੈ ਸਕਦਾ ਹੈ, ਪਰ ਇਹਦੇ ਨਾਲ ਉਹਦੇ ਨਾਂ ਨਾਲੋਂ ਡਾਕੂ ਸ਼ਬਦ ਵੱਖਰਾ ਨਹੀਂ ਕੀਤਾ ਜਾ ਸਕਦਾ । ਇਸੇ ਤਰ੍ਹਾਂ, ਤੇਰੇ ਭਗਤਾਂ, ਟਾਇਟਲਰਾਂ ਤੇ ਧਰਮ ਦਾਸਾਂ ਨਾਲੋਂ ਕਾਤਲ ਸ਼ਬਦ ਵੱਖਰਾ ਨਹੀਂ ਕੀਤਾ ਜਾ ਸਕਦਾ । ਜੇ ਤੂੰ ਇਸ ਗਲ ਨੂੰ ਨਹੀਂ ਮੰਨੇਗਾ ਤਾਂ ਆਉਣ ਵਾਲੇ ਲੋਕ ਇਹਨਾਂ ਨੂੰ ਕਟਹਿਰੇ ਵਿਚ ਖੜਾ ਕਰਨਗੇ । ਯਾਦ ਰੱਖ ਨਾਜ਼ੀ ਕਾਤਲਾਂ ਉਤੇ ਵੀਹ ਵੀਹ ਸਾਲ ਬਾਅਦ ਵੀ ਮੁਕੱਦਮੇ ਚਲਾਏ ਗਏ ਸਨ । ਪ੍ਰਧਾਨ ਮੰਤਰੀ ਦੇ ਕਾਤਲਾਂ ਅਤੇ ਉਸ ਕਤਲ ਵਿਚ ਸ਼ਾਮਿਲ ਸਾਜ਼ਿਸ਼ ਦੇ ਕਥਿਤ ਦੋਸ਼ੀਆਂ ਵਿਰੁਧ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ, ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ, ਹਰਮੁੱਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਤੋਂ ਛਪਵਾਇਆ ਅਤੇ ਗੁਰੂ ਖਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ-143002 ਤੋਂ ਪ੍ਰਕਾਸ਼ਿਤ ਕੀਤਾ ।
ਵਾਰਸ਼ਿਕ ਚੰਦਾ 15 ਰੁਪਏ, ਵਿਦੇਸ਼ ਹਵਾਈ ਡਾਕ ਰਾਹੀਂ 120 ਰੁਪਏ

ਜੇਕਰ ਮੁਕੱਦਮੇ ਚਲਾਏ ਜਾ ਸਕਦੇ ਹਨ ਤਾਂ ਉਹਨਾਂ ਦੋਸ਼ੀਆਂ ਵਿਰੁਧ ਕਿਉਂ ਨਹੀਂ ਚਲਾਏ ਜਾ ਸਕਦੇ ਜਿਨ੍ਹਾਂ ਦੀ ਸਪੱਸ਼ਟ ਤੌਰ ਤੇ ਪਹਿਚਾਣ ਕਰ ਲਈ ਗਈ ਹੈ ਤੇ ਜਿਨ੍ਹਾਂ ਕਤਲ ਕੀਤੇ ਹਨ।

- ਪੰਜਾਬ ਦੇ ਮਸਲੇ ਦਾ ਜੇ ਤੇਰੇ ਕੋਲ ਕੋਈ ਹਲ ਹੈ, ਤਾਂ ਸਪੱਸ਼ਟ ਦਸ। ਅਕਾਲੀਆਂ ਨੂੰ ਇਹ ਮਨਜ਼ੂਰ ਹੋਵੇ ਜਾਂ ਨਾਂ ਹੋਵੇ, ਇਹ ਨਾਂ ਤੇਰੀ ਮਜਬੂਰੀ ਹੈ ਤੇ ਨਾਂ ਅਕਾਲੀਆਂ ਦੀ। ਤੁਸੀਂ ਦੋ ਸਿਆਸੀ ਪਾਰਟੀਆਂ ਹੋ ਤਾਂ ਤੁਸੀਂ ਆਪਣੇ ਹਿੱਤ ਜਾਂ ਇਹ ਕਹਿ ਲਵੋ ਜਿਨ੍ਹਾਂ ਜਮਾਤਾਂ ਦੀ ਤੁਸੀਂ ਨੁਮਾਇੰਗਗੀ ਕਰਦੇ ਹੋ, ਉਹਨਾਂ ਦੇ ਹਿੱਤ ਪਾਲਣੇ ਹਨ। ਇਸ ਲਈ ਅਕਾਲੀਆਂ ਵਾਸਤੇ ਤੇਰੇ ਲਈ ਕੋਈ ਸ਼ਰਤ ਡਿਕਟੇਟ ਕਰਵਾਉਣੀ ਜਾਂ ਉਨ੍ਹਾਂ ਵਲੋਂ ਤੇਰੇ ਵਾਸਤੇ ਕੋਈ ਸ਼ਰਤ ਰਖਣੀ ਦੋਨੋਂ ਗੈਰ ਸਿਆਸੀ ਗਲਾਂ ਹਨ। ਹਾਂ ਜੇ ਤੁਸੀਂ ਅੰਦਰਖਾਤੇ ਇਹ ਸਲਾਹ ਬਣਾ ਲਈ ਹੈ ਕਿ ਪੰਜਾਬ ਵਿਚ ਆਉਣ ਵਾਲੀ ਵਜ਼ਾਰਤ ਤੁਹਾਡੀ ਦੋਨਾਂ ਦੀ ਸਾਂਝੀ ਹੋਵੇ ਤਾਂ ਪਏ ਇਕ ਦੂਜੇ ਕੋਲੋਂ ਸ਼ਰਤਾਂ ਮਨਵਾਓ। ਪੰਜਾਬ ਦੇ ਲੋਕਾਂ ਨੂੰ ਅਮਨ ਤੇ ਸ਼ਾਂਤੀ ਚਾਹੀਦੀ ਹੈ, ਜਿਥੇ ਬਗ਼ੈਰ ਕਿਸੇ ਫ਼ੌਜੀ ਜਾਂ ਪੁਲਸ ਜਾਂ ਅਤਿਵਾਦੀ ਦੀ ਦਹਿਸ਼ਤ ਦੇ ਲੋਕ ਆਪਣੇ ਆਪਣੇ ਕੰਮ ਕਰ ਸਕਨ, ਤੇ ਇਹਨਾਂ ਕੰਮਾਂ ਵਿਚ ਆਪਣੀ ਜ਼ਿੰਦਗੀ ਨੂੰ ਬੇਹਤਰ ਬਨਾਉਣ ਲਈ ਸੰਘਰਸ਼ ਵੀ ਸ਼ਾਮਿਲ ਹਨ ਤੇ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਸਿਆਸੀ ਕਾਰਗੁਜ਼ਾਰੀ ਵੀ ਸ਼ਾਮਿਲ ਹੈ। ਇਹ ਸਭ ਕੁਝ ਵੀਹਵੀਂ ਸਦੀ ਦੇ ਜਮਹੂਰੀ ਸਮਾਜ ਦੀਆਂ ਘੱਟੋ ਘੱਟ ਜ਼ਰੂਰਤਾਂ ਹਨ ਜਿਨ੍ਹਾਂ ਉਤੇ ਫਾਸ਼ੀ ਕਾਨੂੰਨਾਂ ਰਾਹੀਂ ਬੰਦਸ਼ਾਂ ਲਗਾਈਆਂ ਜਾ ਰਹੀਆਂ ਹਨ। ਆਖਰ ਸਾਰੇ ਪੰਜਾਬ ਵਿਚ ਲੰਮੇ ਅਰਸੇ ਲਈ ਦਫਾ 144 ਲਗਾਕੇ ਤੇ ਅਧਿਕਾਰੀਆਂ ਦੀ ਇਜਾਜ਼ਤ ਬਿਨਾਂ ਕੋਈ ਸਿਆਸੀ ਜਾਂ ਸਭਿਆਚਾਰਕ ਇਕੱਠ ਕਰਨ ਉਤੇ ਬੰਦਸ਼ ਲਗਾਕੇ ਲੋਕਾਂ ਦੀ ਜ਼ਿੰਦਗੀ ਨੂੰ ਨਰਕ ਬਨਾਉਣ ਦਾ ਹੱਕ ਤੁਹਾਡੇ ਲਕਾਂ ਨੂੰ ਕਿਸਨੇ ਦਿਤਾ ਹੈ?
- ਤੇਰੀਆਂ ਇਹ ਸਾਰੀਆਂ ਪਾਲਸੀਆਂ ਅਤਿਵਾਦ ਨੂੰ ਫੈਲਾਉਣ ਵਿਚ ਸਹਾਇਤਾ ਕਰ ਰਹੀਆਂ ਹਨ ਤੇ ਸ਼ਾਇਦ ਤੂੰ ਇਹੋ ਚਾਹੁੰਦਾ ਏਂ, ਕਿਉਂਕਿ ਇਹੋ ਤਾਂ ਇਕ ਹਥਿਆਰ ਹੈ, ਜਿਸਨੂੰ ਵਰਤਕੇ ਤੂੰ ਏਨੀਆਂ ਵੋਟਾਂ ਹਾਸਿਲ ਕਰ ਸਕਿਆ ਏਂ ਤੇ ਵਿਰੋਧੀਆਂ ਨੂੰ ਚਿਤ ਕਰ ਸਕਿਆ ਏ। ਪਰ ਯਾਦ ਰਖ ਇਹ ਵਿਸਫੋਟਕ ਹਾਲਤ ਜੋ ਪੈਦਾ ਹੋ ਰਹੀ ਹੈ, ਉਹ ਸਾਨੂੰ ਪੰਜਾਬ ਦੇ ਲੋਕਾਂ ਨੂੰ ਤਾਂ ਡੋਬੇਗੀ ਹੀ, ਪਰ ਬਾਕੀ ਭਾਰਤ ਨੂੰ ਵੀ ਜ਼ਰੂਰ ਲੈ ਡੁਬੇਗੀ। ਪੰਜਾਬ ਭਾਰਤ ਦਾ ਇਕ ਜ਼ਰੂਰੀ ਅੰਗ ਹੈ ਤੇ ਜੋ ਇਸਦੀ ਪਾਕਿਸਤਾਨ ਨਾਲ ਲਗਨਕਰਕੇ ਜੁਗਰਾਫਾਈ ਸਥਿਤੀ ਹੈ, ਉਰ ਇਸਦੇ ਬਾਰੇ ਫੌਰੀ ਫੈਸਲੇ ਦੀ ਮੰਗ ਕਰਦੀ ਹੈ, ਅਗਰ ਫੈਸਲੇ ਦੀ ਦੇਰੀ ਹੁੰਦੀਗਈ ਤਾਂ ਜਿਸ ਭਾਰਤ ਦੀ ਏਕਤਾ ਦੇ ਨਾਂ ਤੇ ਤੂੰ ਏਨੀਆਂ ਵੋਟਾਂ ਲਈਆਂ ਹਨ, ਉਹ ਏਕਤਾ ਖੇਰੂ ਖੇਰੂ ਹੋ ਜਾਏਗੀ ਫੌਜਾਂ ਅਤੇ ਪੁਲਸ ਜਬਰ ਕਿਸੇ ਮੱਸਲੇ ਦਾ ਹੱਲ ਨਹੀਂ।
- ਅਕਾਲੀਆਂ ਨਾਲ ਤੂੰ ਕੀ ਰਵੀਯਾ ਇਖਤਿਆਰ ਕਰ, ਇਹ ਸਾਡੀ ਸਿਰਦਰਦੀ ਨਹੀਂ। ਉਹ ਪੰਜਾਬ ਵਿਚ ਸੱਤਾ ਸੰਭਾਲਨ ਵਾਲੀ ਤੇਰੀ ਪਾਰਟੀ ਦੀ ਸ਼ਰੀਕ ਪਾਰਟੀ ਹੈ। ਇਹ ਸ਼ਰੀਕਾਂ ਦੀ ਲੜਾਈ ਵਿਚ ਸਾਡਾ ਕਿਉਂ ਘਾਣ ਹੋ ਰਿਹਾ ਹੈ? ਅਸੀਂ ਇਹ ਪੁਛਣ ਦਾ ਹੱਕ ਰਖਦੇ ਹਾਂ।
- ਤੂੰ ਇਸ ਵੇਲੇ ਕੇਂਦਰੀ ਹਕੂਮਤ ਦਾ ਮਾਲਕ ਏਂ, ਭਾਵੇਂ ਕਿਸੇ ਤਰ੍ਹਾਂ ਵੀ ਲਈਆਂ, ਤੂੰ ਵਡੀ ਗਿਣਤੀ ਵਿਚ ਲੋਕਾਂ ਕੋਲੋਂ ਵੋਟਾਂ ਲਈਆਂ ਹਨ ਤੇ ਲੋਕਾਂ ਦਾ ਹੱਕ ਬਣਦਾ ਹੈ ਕਿ ਉਹ ਤੇਰੇ ਕੋਲੋਂ ਮੱਸਲੇ ਦਾ ਹਲ ਪੁਛਣ। ਜੋ ਕੁਝ ਤੇਰੇ ਦਿਲ ਵਿਚ ਹੈ, ਉਹ ਸਪੱਸ਼ਟ ਦਸ ਤੇ ਲੋਕਾਂ ਦਾ ਸਾਹਮਣਾ ਕਰ, ਕਦੀ ਕੈਬਨਿਟ ਕਮੇਟੀਆਂ ਬਣਾਕੇ ਕਦੀ ਭਜਨ ਲਾਲ ਕੋਲੋਂ ਬਿਆਨ ਦਿਵਾਕੇ ਸਿਆਸੀ ਬੇਇਮਾਨੀ ਦੇ ਰਾਹ ਤੇ ਕਿਉਂ ਤੁਰ ਪਿਆ ਏਂ?
- ਅਸੀਂ ਜੋ ਪੰਜਾਬ ਦੇ ਸਾਧਾਰਨ ਸ਼ਹਿਰੀ ਹਾਂ, ਜੋ ਭਾਰਤ ਦਾ ਇਕ ਹਿੱਸਾ ਹੈ, ਤੇਰੇ ਕੋਲੋਂ ਸਿਆਸੀ ਇਮਾਨਦਾਰੀ ਦੀ ਮੰਗ ਕਰਦੇ ਹਾਂ ਤੇ ਇਸ ਮੱਸਲੇ ਦਾ ਹੱਲ ਮੰਗਦੇ ਹਾਂ।

**ਗੁਰਸ਼ਰਨ ਸਿੰਘ**—ਸੰਪਾਦਕ ਸਮਤਾ

---


**ਪਲਸ ਮੰਚ ਪ੍ਰਕਾਸ਼ਨ ਦੀਆਂ ਪੁਸਤਕਾਂ :**

1. ਪਹੁੰਚੇ ਹਾਂ ਕਿਸ ਮੁਕਾਮ 'ਤੇ/ਕਾਵਿ ਸੰਗ੍ਰਹਿ—ਸੰਪਾਦਕ—ਗੁਰਸ਼ਰਨ ਸਿੰਘ o ਪ੍ਰਮਿੰਦਰਜੀਤ/ ਕੀਮਤ 4 ਰੁਪਏ
2. ਭਾਰਤੀ ਜੇਲ੍ਹਾਂ ਵਿਚ ਪੰਜ ਵਰ੍ਹੇ/ਮੇਰੀ ਟਾਇਲਰ ਕੀਮਤ 10 ਰੁਪਏ
3. ਮਲਾਹਾਂ ਦੀ ਹੇਕ 'ਤੇ/ਕਾਵਿ ਸੰਗ੍ਰਹਿ /ਸੰਪਾਦਕ : ਨਵਕਿਰਨ ਕੀਮਤ 4 ਰੁਪਏ
4. ਜਾਗ ਜਾਗ ਵੇ ਲੋਕਾ/ਗੀਤ ਕੀਮਤ 2 ਰੁਪਏ
5. ਹਿਮਾਇਤੀ/ਹਿੰਦੀ ਤੇ ਉਰਦੂ ਦੀਆਂ ਚੋਣਵੀਆਂ ਕਹਾਣੀਆਂ/ਸੰਪਾਦਕ : ਗੁਰਬਖਸ਼ ਜੱਸ (ਮੁੱਲ 5/-)

## ਸੰਪਾਦਕੀ ਨੋਟ :

### 1. ਜਾਸੂਸੀ ਕਾਂਡ :

ਸਰਮਾਏਦਾਰੀ ਵਿਕਾਸ ਦੀਆਂ ਲੀਹਾਂ ਤੇ ਚਲਦੇ ਹੋਏ ਭਾਰਤ ਵਿਚ ਵਡੀਆਂ ਸਨਅਤਾਂ ਲਗ ਰਹੀਆਂ ਹਨ। ਇਸ ਵਿਕਾਸ ਵਿਚ ਬਦੇਸ਼ੀ ਸਰਮਾਏ ਦਾ ਵੀ ਵਿਸ਼ੇਸ਼ ਭਾਗ ਹੈ। ਬਦੇਸ਼ੀਆਂ ਨੂੰ ਇਥੇ ਸਰਮਾਇਆ ਲਗਾਉਣਾ ਇਸ ਲਈ ਲਾਹੇਵੰਦ ਹੈ ਕਿ ਭਾਰਤ ਵਿੱਚ ਲੇਬਰ ਸਸਤੀ ਵੀ ਹੈ ਅਤੇ ਨਾਲ ਹੀ ਟਰੇਡ ਯੂਨੀਅਨ ਦੇ ਪੱਧਰ ਤੇ ਇਹਦੀ ਆਪਣੇ ਹੱਕਾਂ ਅਤੇ ਜਾਇਜ਼ ਸਹੂਲਤਾਂ ਬਾਰੇ ਚੇਤਨਤਾ ਵੀ ਬਹੁਤ ਘੱਟ ਹੈ। ਇਸ ਦੇ ਨਤੀਜੇ ਵਜੋਂ ਕੋਈ ਸੰਘਰਸ਼ ਚਲਾਉਣ ਦੀ ਸਮਰੱਥਾ ਵੀ ਬਹੁਤ ਘੱਟ ਹੈ। ਸੰਸਾਰ ਦੇ ਆਰਥਕ ਮਾਹਿਰਾਂ ਦੀ ਇਹ ਪੱਕੀ ਰਾਏ ਹੈ ਕਿ ਲਗੇ ਹੋਏ ਸਰਮਾਏ ਤੇ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਲਈ ਭਾਰਤ ਦੁਨੀਆਂ ਭਰ ਵਿਚ ਸਾਰਿਆਂ ਨਾਲੋਂ ਜ਼ਰਖੇਜ਼ ਥਾਂ ਹੈ। ਇਸ ਲਈ ਸੰਸਾਰ ਭਰਦੇ ਦੇਸ਼ਾਂ ਵਿਚ, ਜਿਨ੍ਹਾਂ ਕੋਲ ਬਾਹਰ ਲਗਾਉਣ ਲਈ ਸਰਮਾਇਆ ਹੈ, ਇਕ ਦੌੜ ਲੱਗੀ ਹੋਈ ਹੈ ਕਿ ਭਾਰਤ ਵਿਚ ਪੈਰ ਕਿਸ ਤਰ੍ਹਾਂ ਜਮਾਏ ਜਾਣ। ਇਸ ਦੌੜ ਵਿਚ ਅਮਰੀਕਾ ਵੀ ਸ਼ਾਮਿਲ ਹੈ, ਫਰਾਂਸ ਵੀ ਸ਼ਾਮਿਲ ਹੈ, ਜਰਮਨੀ ਵੀ ਹੈ ਅਤੇ ਰੂਸ ਤੇ ਪੋਲੈਂਡ ਵਰਗੇ ਦੇਸ ਵੀ ਹਨ। ਇਹ ਇਕ ਸੱਚਾਈ ਹੈ ਜਿਹੜੀ ਤੱਥਾਂ ਦੇ ਆਧਾਰ ਤੇ ਕਦੀ ਵੀ ਝੁਠਲਾਈ ਨਹੀਂ ਜਾ ਸਕਦੀ। ਬਾਹਰਲੇ ਦੇਸ਼ਾਂ ਦੇ ਹਿੱਤ ਤਾਂਹੀ ਸੁਰਖਿਅਤ ਰਹਿ ਸਕਦੇ ਹਨ ਜੇ ਉਹ ਭਾਰਤ ਸਰਕਾਰ ਵਿੱਚ ਜਾਂ ਭਾਰਤੀ ਅਰਥਚਾਰੇ ਵਿਚ ਆਪਣੀਆਂ ਲੌਬੀਆਂ ਬਨਾਉਣ। ਇਹਦੇ ਲਈ ਉਹ ਭਾਰਤੀ ਸਰਮਾਏਦਾਰੀ ਨੂੰ ਵੀ ਆਪਣਾ ਭਾਈਵਾਲ ਬਨਾਉਂਦੇ ਹਨ। ਜੋ ਸਥਾਨੀਆ ਪੱਧਰ ਤੇ ਆਪਣੇ ਹਿੱਤਾਂ ਦੀ ਵੀ ਪਹਿਰੇਦਾਰੀ ਕਰਨਗੇ ਹੀ ਤੇ ਨਾਲ ਹੀ ਇਕ ਭਾਈਵਾਲ ਹੋਣ ਦੇ ਨਾਤੇ ਉਹਨਾਂ ਦੇ ਹਿੱਤਾਂ ਦੀ ਵੀ ਪਹਿਰੇਦਾਰੀ ਹੁੰਦੀ ਰਹੇਗੀ। ਇਸ ਪਹਿਰੇਦਾਰੀ ਦੇ ਅਮਲ ਵਿਚ ਭਾਰਤੀ ਸਰਕਾਰ ਦੀਆਂ ਫਾਈਲਾਂ ਦੀ ਜਾਣਕਾਰੀ ਇਕ ਜ਼ਰੂਰੀ ਅੰਗ ਹੈ। ਭਾਰਤ ਵਿਚ ਹਰ ਚੀਜ਼ ਵਿਕਾਊ ਹੈ ਇਸ ਲਈ ਇਹ ਜਾਣਕਾਰੀ ਵੀ ਵਿਕਾਊ ਹੈ। ਇਸ ਕਿਸਮ ਦਾ ਅਮਲ ਸਾਡੇ ਸਰਕਾਰੀ ਮਹਿਕਮਿਆਂ ਵਿਚ ਖਾਸ ਕਰਕੇ ਨਹਿਰ ਦੇ ਮਹਿਕਮੇ ਜਾਂ ਪੀ. ਡਬਲਯੂ. ਡੀ. ਮਹਿਕਮਿਆਂ ਵਿਚ ਹਰ ਰੋਜ਼ ਹੁੰਦਾ ਹੈ। ਠੇਕੇਦਾਰ ਇਹ ਜਾਨਣ ਲਈ ਕਿ ਦੂਜੇ ਠੇਕੇਦਾਰਾਂ ਨੇ ਕੀ ਟੈਂਡਰ ਭਰਿਆ ਹੈ, ਮਹਿਕਮੇ ਦੇ ਕਲਰਕਾਂ ਨੂੰ ਵੱਧ ਤੋਂ ਵੱਧ ਕੀਮਤ ਦੇਂਦੇ ਹਨ ਤੇ ਜਾਣਕਾਰੀ ਲੈਂਦੇ ਹਨ। ਸੋ ਇਹ ਜਾਸੂਸੀ ਕਾਂਡ ਭਾਰਤ ਦੇ ਭ੍ਰਿਸ਼ਟ ਨਿਜ਼ਾਮ ਦਾ ਇਕ ਜ਼ਰੂਰੀ ਹਿੱਸਾ ਹੈ ਤੇ ਇਸਨੂੰ ਇਸੇ ਰੌਸ਼ਨੀ ਵਿਚ ਵੇਖਿਆ ਜਾਣਾ ਚਾਹੀਦਾ ਹੈ ਤੇ ਲੋਕਾਂ ਦੇ ਰੋਹ ਨੂੰ ਇਸ ਨਿਜ਼ਾਮ ਦੀ ਭ੍ਰਿਸ਼ਟਤਾ ਵਲ ਮੋੜਨਾ ਚਾਹੀਦਾ ਹੈ। ਕੁਝ ਵਿਅਕਤੀਆਂ ਨੂੰ 'ਜੈਚੰਦ' ਜਾਂ 'ਗ਼ਦਾਰ' ਦੇ ਨਾਂ ਨਾਲ ਗਾਲ੍ਹਾਂ ਦੇ ਕੇ ਇਹ ਮਸਲਾ ਹਲ ਨਹੀਂ ਹੋਏਗਾ। ਇਸ ਸਿਸਟਮ ਵਿਚ ਇਹਨਾਂ ਜੈਚੰਦਾਂ ਦਾ ਪੈਦਾ ਹੋਣਾ ਬੜੀ ਕੁਦਰਤੀ ਗੱਲ ਹੈ। ਇਸੇ ਤਰ੍ਹਾਂ ਰੂਸ ਜਾਂ ਪੋਲੈਂਡ ਵਰਗੇ ਸੋਸ਼ਲਿਸਟ ਦੇਸ਼ਾਂ ਦਾ ਨਾਂ ਜਾਸੂਸੀ ਕਾਂਡ ਵਿਚ ਆਉਣ ਨਾਲ ਕੁਝ ਦੋਸਤਾਂ ਨੂੰ ਔਖਿਆਈ ਹੋਈ ਹੈ ਅਤੇ ਕੁਝ ਨੂੰ ਬਾਹਲੀ ਖੁਸ਼ੀ, ਜਿਸ ਤਰ੍ਹਾਂ ਕਿ ਸੰਸਾਰ ਪੱਧਰ ਤੇ ਚਲ ਰਹੀ ਸਮਾਜਵਾਦੀ ਸਾਮਰਾਜੀਆਂ ਬਾਰੇ ਬਹਿਸ ਲਈ ਨਿਰਨਾਇਕ ਸਿਟੇ ਨਿਕਲ ਆਏ ਹਨ। ਇਹ ਔਖਿਆਈ ਅਤੇ ਖੁਸ਼ੀ ਦੋਨੋਂ ਗ਼ਲਤ ਪ੍ਰਤੀਕਰਮ ਹਨ। ਰੂਸ, ਪੋਲੈਂਡ, ਚੈਕੋਸਲੋਵਾਕੀਆ ਜਾਂ ਨੇੜ ਭਵਿੱਖ ਵਿਚ ਚੀਨ ਜਾਂ ਕਿਊਬਾ ਨੇ ਭਾਰਤ ਨਾਲ ਵਪਾਰ ਕਰਨਾ ਹੈ ਤਾਂ ਉਹਨਾਂ ਲਈ ਵੀ ਭਾਰਤੀ ਫਾਈਲਾਂ ਦਾ ਭੇਤ ਜਾਨਣਾ ਏਨਾ ਹੀ ਜ਼ਰੂਰੀ ਹੋਵੇਗਾ ਜਿੰਨਾ ਅਮਰੀਕਾ ਫਰਾਂਸ, ਇੰਗਲੈਂਡ ਜਾਂ ਜਰਮਨੀ ਦੀਆਂ ਬਹੁਕੌਮੀ ਕੰਪਨੀਆਂ ਨੂੰ। ਇਹ ਇਸ ਖੇਡ ਦਾ ਹਿੱਸਾ ਹਨ। ਵੱਡਾ ਦੋਸ਼ੀ ਇਹ ਭ੍ਰਿਸ਼ਟ ਨਿਜ਼ਾਮ ਹੈ ਕੋਈ ਬਾਹਰਲਾ ਨਹੀਂ।

### 2. ਫ਼ਾਸ਼ੀਵਾਦ ਵਲ ਵਧਦੇ ਕਦਮ :

(ੳ) ਸਾਨੂੰ ਆਂਧਰਾ ਤੋਂ ਸਾਥੀ ਕੇ. ਵੀ. ਆਰ. ਵਲੋਂ ਇਕ ਰੀਪੋਰਟ ਮਿਲੀ ਹੈ। ਸਾਥੀ ਕੇ. ਵੀ. ਆਰ. ਆਂਧਰਾ ਦੇ ਇਕ ਬੜੇ ਹੀ ਸਤਿਕਾਰੇ ਹੋਏ ਇਨਕਲਾਬੀ ਲੇਖਕ ਹਨ ਅਤੇ ਆਲ ਇੰਡੀਆ ਲੀਗ ਫਾਰ ਰੈਵੂਲੂਸ਼ਨਰੀ ਕਲਚਰ A.I.L.R.C. ਦੇ ਜਨਰਲ ਸਕੱਤਰ ਹਨ। ਇਸ ਰੀਪੋਰਟ ਦਾ ਪਹਿਲਾ ਹੀ ਫਿਕਰਾ ਹੈ ਕਿ ਭਾਰਤੀ ਸਰਕਾਰ ਅਤੇ ਉਹਦੇ ਜਾਬਰ ਅੰਸ਼ ਜਿਸਨੂੰ ਭਾਰਤੀ ਪੁਲਸ ਨਾਲ ਜਾਣਿਆ ਜਾਂਦਾ ਹੈ, ਉਸ ਨੇ ਇਨਕਲਾਬੀਆਂ ਨੂੰ ਖਤਮ ਕਰਨ ਲਈ ਹੁਣ ਪੁਲਸ ਮੁਕਾਬਲੇ (Enocounter Deaths) ਦੀ ਥਾਂ ਇਕ ਨਵਾਂ ਤਰੀਕਾ ਏਜਾਦ ਕੀਤਾ ਕੀਤਾ ਹੈ ਜਿਸਨੂੰ ਹਿਰਾਸਤ ਵਿਚ ਲੈ ਕੇ ਖਤਮ ਕਰਨ ਦਾ ਤਰੀਕਾ (Lockup Death) ਕਿਹਾ ਜਾ ਸਕਦਾ ਹੈ। ਇਸ ਏਜਾਦ ਦਾ ਸਿਹਰਾ ਭਾਰਤ ਦੇ ਇਕ ਵਡੇ ਵਜ਼ੀਰ ਜੋ ਕਿਸੇ ਵੇਲੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਵੀ ਰਹੇ ਹਨ, ਉਨ੍ਹਾਂ ਦੇ ਗਲ ਪਾਇਆ ਜਾ ਸਕਦਾ ਹੈ। ਨੋਟ- (ਸਾਨੂੰ ਭੁਲਣਾ ਨਹੀਂ ਚਾਹੀਦਾ ਕਿ ਝੂਠੇ ਪੁਲਸ ਮੁਕਾਬਲੇ ਦਾ ਸਿਹਰਾ ਸਾਡੇ ਪੰਜਾਬ ਦੇ ਸਾਬਕਾ ਆਈ.ਜੀ. ਅਸ਼ਵਨੀ ਕੁਮਾਰ ਨੂੰ ਜਾਂਦਾ ਹੈ) ਇਹ ਤਰੀਕਾ ਪਿਛਲੇ ਦੋ ਸਾਲਾਂ ਤੋਂ ਆਂਧਰਾ ਵਿਚ ਲਾਗੂ ਹੋਇਆ ਹੈ ਅਤੇ ਹੁਣ ਤਕ 60 ਇਨਕਲਾਬੀਆਂ ਨਾਲ ਇਹੋ ਜਿਹਾ ਸਲੂਕ ਕੀਤਾ ਗਿਆ ਹੈ। ਇਕ ਇਹੋ ਜਿਹਾ ਹਾਦਸਾ 18 ਦਸੰਬਰ 1984 ਨੂੰ ਹੋਇਆ ਹੈ ਜਦੋਂ ਕਿ ਇਕ ਨੌਜਵਾਨ ਕੇ. ਸੁੰਦਰਸਨ ਨੂੰ ਕਾਜ਼ੀਪੇਪ ਪੁਲਸ ਥਾਣੇ ਵਿਚ ਮੁਕਾ ਦਿੱਤਾ ਗਿਆ ਅਤੇ ਕਿਹਾ ਗਿਆ ਕਿ ਉਹਦੀ ਕੁਦਰਤੀ ਮੌਤ ਹੋ ਗਈ ਹੈ।

(ਪੰਜਾਬ ਵਿਚ ਵੀ ਕੁਝ ਕਥਿਤ ਅਤਿਵਾਦੀਆਂ ਦੀ ਮੌਤ ਬਾਰੇ ਇਹੋ ਜਿਹੇ ਸਲੂਕ ਦਾ ਸ਼ੱਕ ਕਰਨਾ ਜਾਇਜ਼ ਹੈ।) ਇਹ ਹਾਦਸਾ ਸ਼ਾਇਦ ਲੋਕਾਂ ਦੇ ਧਿਆਨ ਵਿਚ ਨਾ ਆਂਦਾ ਜੇਕਰ ਜਮਹੂਰੀ ਹੱਕਾਂ ਦੀ ਰਾਖੀ ਕਰਨ ਵਾਲੀ ਸੰਸਥਾ ਆਂਧਰਾ ਪ੍ਰਦੇਸ਼ ਦੀ ਸਿਵਲ ਲਿਬਟਰੀਜ਼ ਯੂਨੀਅਨ ਇਸ ਕੇਸ ਨੂੰ ਨਾਂ ਚੁੱਕਦੀ। ਇਸ ਸੰਸਥਾ ਵਲੋਂ ਸਾਰੇ ਵਾਰੰਗਲ ਜ਼ਿਲੇ ਵਿਚ ਹੜਤਾਲ ਦਾ ਸੱਦਾ ਦਿੱਤਾ ਗਿਆ ਜੋ ਪੂਰੀ ਤਰ੍ਹਾਂ ਸਫਲ ਹੋਈ। ਆਂਧਰਾ ਪ੍ਰਦੇਸ਼ ਦੇ ਪੁਲਸੀ ਹਲਕਿਆਂ ਵਿਚ ਇਸ ਸਫਲ ਬੰਦ ਦੀ ਇੰਨੀ ਝੁੰਜਲਾਹਟ ਹੋਈ ਕਿ ਉਸਨੇ ਬਦਲਾ ਲਊ ਕਾਰਵਾਈ ਵਿਚ ਸਿਵਲ ਲਿਬਰਟੀਜ਼ ਦੇ ਭਾਰਤ ਭਰ ਵਿਚ ਪ੍ਰਸਿਧਤਾ ਰਖਣ ਵਾਲੇ ਡਾਕਟਰ ਕੇ. ਬਾਲਾ ਗੁਪਾਲ ਉਤੇ ਵੀ ਇਕ ਝੂਠਾ ਮੁਕੱਦਮਾ ਪਾ ਦਿੱਤਾ ਹੈ ਅਤੇ ਡਾਕਟਰ ਪੀ. ਵਾਰਾਵਾਰਾ ਰਾਓ ਜਿਹੜੇ ਕਿ ਇਨਕਲਾਬੀ ਲੇਖਕਾਂ ਦੇ ਸੰਘ ਦੇ ਪ੍ਰਧਾਨ ਹਨ ਅਤੇ ਕਾਲਜ ਵਿਚ ਪ੍ਰੋਫੈਸਰ ਹਨ, ਉਹਨਾਂ ਨੂੰ ਹਿਰਾਸਤ ਵਿਚ ਲੈ ਕੇ ਜ਼ਲੀਲ ਕਰਨ ਦਾ ਯਤਨ ਕੀਤਾ। ਇਲਜ਼ਾਮ ਇਹ ਲਾਇਆ ਕਿ ਉਹਨਾਂ ਨੇ ਬੰਦ ਤਾਂ ਪਹਿਲੇ ਦਿਨ ਨੌਜਵਾਨਾਂ ਨੂੰ ਇਕੱਠੇ ਕਰਕੇ ਉਹਨਾਂ ਵਿਚ ਤੇਜ਼ਾਬੀ ਬੰਬ ਵੰਡੇ ਹਨ। ਹਾਲਾਂ ਸਚਾਈ ਇਹ ਹੈ ਕਿ ਉਹ ਉਸ ਦਿਨ ਵਾਰੰਗਲ ਵਿਚ ਨਹੀਂ ਸਨ ਤੇ ਹੈਦਰਾਬਾਦ ਇਕ ਕਾਨਫਰੰਸ ਤੇ ਗਏ ਸਨ। ਇਹ ਦੋਵੇਂ ਸ਼ਖਸੀਅਤਾਂ ਪੁਲਸ ਜਾਂ ਹਕੂਮਤ ਦੇ ਰੋਹ ਦਾ ਕਿਉਂ ਸ਼ਿਕਾਰ ਬਣੀਆਂ। ਕਿਉਂਕਿ ਇਹ ਬੇਖੌਫ਼ ਹੋ ਕੇ ਲੋਕਾਂ ਦੇ ਹੱਕਾਂ ਲਈ ਸੰਘਰਸ਼ ਕਰ ਰਹੇ ਸਨ। ਆਂਧਰਾ ਪ੍ਰਦੇਸ਼ ਵਿਚ ਕਾਂਗਰਸ ਦੀ ਹਕੂਮਤ ਨਹੀਂ। ਟੀ. ਰਾਮਾ ਰਾਓ ਦੀ ਹੈ, ਜਿਹੜਾ ਹੁਣ ਤੇਲਗੂ ਦੇਸਮ ਤੋਂ ਭਾਰਤੀ ਦੇਸਮ ਪਾਰਟੀ ਬਨਾਉਣ ਜਾ ਰਿਹਾ ਹੈ। ਪਰ ਜਿਥੋਂ ਤਕ ਲੋਕਾਂ ਉਤੇ ਜਬਰ ਦਾ ਸਵਾਲ ਹੈ, ਇਹ ਕਾਂਗਰਸੀ ਹਾਕਮਾਂ ਵਾਕੁਨ ਹੀ ਬੇਜ਼ਮੀਰਾ ਹੈ। ਜਦੋਂ ਟੀ. ਰਾਮਾ ਰਾਓ ਨੂੰ ਗੱਦੀਉਂ ਲਾਹਿਆ ਗਿਆ ਸੀ ਤਾਂ ਸਾਰੇ ਹਿੰਦੋਸਤਾਨ ਵਿਚ ਇਹ ਵਾਵੇਲਾ ਸੀ ਕਿ ਜਮਹੂਰੀਅਤ ਦਾ ਕਤਲ ਕੀਤਾ ਗਿਆ ਹੈ। ਉਹਨਾਂ ਦਿਨਾਂ ਵਿਚ ਹੀ ਮੈਨੂੰ ਦਿਲੀ ਇਕ ਕਾਨਫਰੰਸ ਵਿਚ ਜਾਣ ਦਾ ਮੌਕਾ ਮਿਲਿਆ ਸੀ ਤਾਂ ਆਂਧਰਾ ਦੇ ਇਕ ਸਾਥੀ ਨੇ ਕਿਹਾ ਸੀ ਕਿ ਟੀ. ਰਾਮਾ ਰਾਓ ਬਾਹਰ ਆ ਕੇ ਜਮਹੂਰੀਅਤ ਦਾ ਵਾਸਤਾ ਪਾ ਰਿਹਾ ਹੈ ਪਰ ਆਂਧਰਾ ਵਿਚ ਅਤੇ ਖ਼ਾਸ ਕਰਕੇ ਤਿਲੰਗਾਨਾ ਦੇ ਇਲਾਕੇ ਵਿਚ ਜਿਥੇ ਆਦੀਵਾਸੀ ਲੋਕ ਅਪਣੇ ਹੱਕਾਂ ਵਾਸਤੇ ਲੜ ਰਹੇ ਹਨ, ਉਥੇ ਟੀ. ਰਾਮਾ ਰਾਓ ਦੀ ਹਦੈਤਾਂ ਨਾਲ ਪੁਲਸ ਜੋ ਜਬਰ ਕਰ ਰਹੀ ਹੈ, ਉਹਦੇ ਅੱਗੇ ਵੱਡੇ ਵੱਡੇ ਜਾਬਰ ਫਾਸ਼ੀ ਰਾਜ ਵੀ ਮਾਤ ਹੋ ਜਾਂਦੇ ਹਨ। ਅੱਜ ਆਂਧਰਾ ਦੇ ਜਮਹੂਰੀਅਤ ਪਸੰਦ ਲੋਕ ਜਦੋਂ ਜਬਰ ਵਿਰੁਧ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਹਨ, ਅਸੀਂ ਆਪਣੇ ਆਪ ਨੂੰ ਉਹਨਾਂ ਵਿਚ ਸ਼ਾਮਿਲ ਸਮਝਦੇ ਹਾਂ।

(ਅ) ਫਾਸ਼ੀ ਰਾਜ ਦਾ ਇਕ ਹੋਰ ਖਾਸਾ ਹੁੰਦਾ ਹੈ ਕਿ ਉਹ ਹਰ ਕਿਸਮ ਦੀ ਪ੍ਰੈਸ ਆਜ਼ਾਦੀ ਦਾ ਗਲਾ ਘੁਟਕੇ ਲੋਕਾਂ ਦੇ ਸਾਹਮਣੇ ਉਸ ਸੱਚ ਨੂੰ ਆਉਣ ਤੇ ਰੁਕਾਵਟ ਪਾਉਂਦਾ ਹੈ, ਜੋ ਇਸ ਰਾਜ ਦੀਆਂ ਵਧੀਕੀਆਂ ਨੂੰ ਨੰਗਿਆਂ ਕਰਦੀ ਹੈ। ਦਿਲੀ ਵਿਚ ਕਾਂਗਰਸ ਦੇ ਵਡੇ ਆਗੂਆਂ ਦੀ ਸ਼ਹਿ ਤੇ ਜੋ ਕਾਂਗਰਸੀ ਗੁੰਡਿਆ ਨੇ ਕਤਲੇਆਮ ਕੀਤਾ ਉਹਦੀ ਪੂਰੀ ਜਾਂਚ ਰਿਪੋਰਟ 'ਪੀ. ਯੂ. ਸੀ. ਐਲ. ਅਤੇ ਪੀ. ਯੂ.ਡੀ.ਆਰ ਵਲੋਂ ਛਾਪੀ ਗਈ। (who are guilty) ਇਸ ਨੂੰ 'ਦੋਸ਼ੀ ਕੌਣ' ਦੇ ਨਾਂ ਥੱਲੇ ਪੰਜਾਬ ਦੀ ਜਮਹੂਰੀ ਅਧਿਕਾਰ ਸਭਾ ਨੇ ਆਪਣੀ ਭੂਮਿਕਾ ਦੇ ਨਾਲ ਪੰਜਾਬੀ ਵਿਚ ਛਾਪੀ। ਮੰਤਵ ਇਹੀ ਸੀ ਕਿ ਪੰਜਾਬ ਦੇ ਲੋਕਾਂ ਨੂੰ ਅਸਲੀਅਤ ਦਾ ਪਤਾ ਲਗੇ ਤੇ ਉਹ ਅਸਲੀ ਦੋਸ਼ੀਆਂ ਨੂੰ ਪਛਾਣਨ ਜੋ ਕਿ ਸਪਸ਼ਟ ਸ਼ਬਦਾਂ ਵਿਚ ਕਾਂਗਰਸੀ ਲੀਡਰ ਸਨ। ਇਹ ਦੋਸ਼ੀ ਸਾਰਾ ਹਿੰਦੂ ਫਿਰਕਾ ਨਹੀਂ ਸੀ ਕਿਉਂ ਕਿ ਬਹੁਤ ਸਾਰੀਆਂ ਐਸੀਆਂ ਘਟਨਾਵਾਂ ਦਾ ਵਰਨਣ ਹੈ ਜਿਸ ਵਿਚ ਹਿੰਦੂ ਵੀਰਾਂ ਨੇ ਆਪਣੀਆਂ ਜਾਨਾਂ ਤੇ ਖੇਡਕੇ ਆਪਣੇ ਸਿੱਖ ਗਵਾਂਢੀਆਂ ਨੂੰ ਬਚਾਇਆ। ਇਹ ਸੱਚਾਈ ਕਾਂਗਰਸੀ ਹਾਕਮਾਂ ਲਈ ਕੌੜੀ ਸੀ। 'ਦੋਸ਼ੀ ਕੌਣ' ਮਕਬੂਲੀਅਤ, ਇਸ ਗੱਲ ਨਾਲ ਜ਼ਾਹਿਰ ਹੁੰਦੀ ਹੈ ਕਿ ਇਹਦੀ ਪਹਿਲੀ ਐਡੀਸ਼ਨ ਜੋ 10,000 ਛਾਪੀ ਗਈ ਦਿਨਾਂ ਵਿਚ ਹੀ ਲੋਕਾਂ ਤੱਕ ਪੁੱਜਕੇ ਖਤਮ ਹੋ ਗਈ। ਦੂਜੀ ਐਡੀਸ਼ਨ ਜਦੋਂ ਪ੍ਰੈਸ ਵਿਚੋਂ ਛਪ ਕੇ ਜਿਲਦਸਾਜ਼ ਤਕ ਪਹੁੰਚੀ ਤਾਂ ਹੁਕਮਰਾਨਾਂ ਨੇ ਆਪਣੀ ਫਾਸ਼ੀ ਸੋਚ ਨੂੰ ਨੰਗਿਆਂ ਕਰਦਿਆਂ ਹੋਇਆਂ ਇਸਨੂੰ ਛਾਪਾ ਮਾਰਕੇ ਜ਼ਬਤ ਕਰ ਲਿਆ। ਕੀ ਹਕੂਮਤ ਦਾ ਇਹ ਕਦਮ ਉਸ ਸਚਾਈ ਤੇ ਪਰਦਾ ਪਾ ਸਕੇਗਾ ਜੋ ਇਹ ਕਿਤਾਬ ਵਿਚ ਦਿੱਤੀ ਗਈ ਹੈ ? ਇਹਦਾ ਸਪਸ਼ਟ ਜਵਾਬ ਹੈ 'ਨਹੀਂ'। ਇਹ ਵੀ ਪਤਾ ਲੱਗਾ ਹੈ ਕਿ ਹਕੂਮਤ ਜਮਹੂਰੀ ਅਧਿਕਾਰ ਸਭਾ ਦੇ ਸਕਤ੍ਰ ਪ੍ਰੋ. ਜਗਮੋਹਨ ਸਿੰਘ ਉਤੇ ਵੀ ਕੋਈ ਮੁਕੱਦਮਾ ਦਾਇਰ ਕਰਨਾ ਚਾਹੁੰਦੀ ਹੈ। ਮੁਕੱਦਮੇ ਦੀ ਬਿਨਾ ਹੈ ਕਿ ਜਗਮੋਹਨ ਸਿੰਘ ਨੇ ਇਹ ਕਿਤਾਬ ਛਾਪਕੇ ਪੰਜਾਬ ਵਿਚ ਦੋ ਫਿਰ-ਕਿਆਂ ਦੇ ਦਰਮਿਆਨ ਨਫ਼ਰਤ ਫੈਲਾਈ ਹੈ। ਜਮਹੂਰੀ ਅਧਿਕਾਰ ਸਭਾ ਇਕ ਐਸੀ ਸੰਸਥਾ ਹੈ ਜਿਸ ਨੇ ਪਿਛਲੇ ਸਾਲਾਂ ਵਿਚ ਫਿਰਕਾਪ੍ਰਸਤੀ ਵਿਰੁਧ ਇਕ ਸ਼ਕਤੀਸ਼ਾਲੀ ਲੋਕ ਆਵਾਜ਼ ਲਾਮਬੰਦ ਕੀਤੀ। ਉਸਦੇ ਜਨਰਲ ਸਕੱਤਰ ਉਤੇ, ਜੋ ਨਿਮਾਨਾ ਜਿਹਾ ਇਹ ਵੀ ਮਾਨ ਕਰ ਸਕਦਾ ਹੈ ਕਿ ਸ਼ਹੀਦ ਭਗਤ ਸਿੰਘ ਦਾ ਭਾਣਜਾ ਹੈ, ਇਹੋ ਜਿਹਾ ਬੇਤੁਕਾ ਇਲਜ਼ਾਮ ਆਪਣੇ ਆਪ ਵਿਚ ਹਕੂਮਤ ਦੀ ਬੇਤੁਕੀ ਨੂੰ ਨੰਗਾ ਕਰਦਾ ਹੈ।

**ਅਤਿਵਾਦ ਨਾਲ ਨਜਿਠਨ ਦੇ ਗ਼ਲਤ ਢੰਗ :**

ਹੇਠਾਂ ਅਸੀਂ ਇਕ ਗ਼ਰੀਬ ਬਾਪ ਦੀ ਚਿੱਠੀ ਦੇ ਰਹੇ ਹਾਂ, ਜਿਸਦੇ ਪੁੱਤਰ ਦਵਿੰਦਰ ਸਿੰਘ ਨੂੰ ਅਤਿਵਾਦੀ ਕਹਿਕੇ ਇਕ ਝੂਠੇ ਮੁਕੱਦਮੇ ਵਿਚ ਮੜਿਆ ਜਾ ਰਿਹਾ ਹੈ। ਅਤਿਵਾਦ ਨਾਲ ਨਜਿਠਨ ਦੇ ਬਹਾਨੇ ਪੰਜਾਬ ਵਿਚ ਇਕ ਦਹਿਸ਼ਤ ਭਰਿਆ ਰਾਜ ਚਲਾਇਆ ਜਾ ਰਿਹਾ ਹੈ। ਇਹ ਇਕ ਮੰਨੀ ਹੋਈ ਸਚਾਈ ਹੈ ਕਿ ਕਿਸੇ ਵੀ ਰਾਜਸੀ ਵਿਚਾਰਧਾਰਾ ਨਾਲ ਜਬਰ ਨਹੀਂ ਨਜਿਠਿਆ ਜਾ ਸਕਦਾ ਹੈ। ਜਬਰ ਜਿਨਾਂ ਹੋਵੇਗਾ, ਉਹ ਲਹਿਰ ਉਨੀ ਹੀ ਪ੍ਰਫੁਲਤ ਹੋਗੀ। ਸੰਸਾਰ ਭਰ ਦੀਆਂ ਰਾਜਸੀ ਲਹਿਰਾਂ ਦਾ ਇਤਿਹਾਸ ਇਹਦੀ ਗਵਾਹੀ ਹੈ। ਪਿਛਲੇ ਕੁਝ ਅਰਸੇ ਤੋਂ ਸਿਖ ਨੌਜਵਾਨਾਂ ਵਿਚ ਕੇਸਰੀ ਪਗਾਂ ਦਾ ਵੱਡੀ ਗਿਣਤੀ ਵਿਚ ਬੰਨਿਆਂ ਜਾਣਾ ਵੀ ਇਸੇ ਅਮਲ ਵਲ ਇਕ ਸੰਕੇਤ ਹੈ। ਅਸੀਂ ਜੋ ਚਾਹੁੰਦੇ ਹਾਂ ਕਿ ਪੰਜਾਬ ਵਿਚ ਇਕ ਸੁਖਾਵਾਂ ਵਾਤਾਵਰਨ ਬਣੇ ਅਤੇ ਧਾਰਮਕ ਜਨੂੰਨ ਦੀ ਥਾਂ ਇਕ ਦੂਜੇ ਨੂੰ ਬਰਦਾਸ਼ਤ ਕਰਨ ਦੀ ਰੁੱਚੀ ਦਾ ਫੈਲਾਅ ਹੋਵੇ, ਸਾਨੂੰ ਅਤਿਵਾਦ ਦੇ ਨਾਲ ਨਜਿਠਨ ਦੇ ਬਹਾਨੇ ਸਾਧਾਰਨ ਲੋਕਾਂ ਵਿਰੁਧ ਹੋਈ ਸਰਕਾਰ ਦੀ ਹਰ ਜੱਬਰ ਕਾਰਵਾਈ ਦਾ ਨੋਟਿਸ ਲੈਣਾ ਚਾਹੀਦਾ ਹੈ ਅਤੇ ਫਾਸ਼ੀਵਾਦ ਵਲ ਵੱਧਦੇ ਸਰਕਾਰ ਦੇ ਕੱਦਮਾਂ ਨੂੰ ਠੱਲ ਪਾਉਣ ਲਈ ਲੋਕਰਾਇ ਲਾਮ ਬੰਦ ਕਰਨੀ ਚਾਹੀਦੀ ਹੈ। ੦

**ਚਿੱਠੀ**—ਮੇਰਾ ਲੜਕਾ ਦਵਿੰਦਰ ਸਿੰਘ (ਸਪੁੱਤਰ ਸ੍ਰ: ਮਲਾਗਰ ਸਿੰਘ) ਅਖੰਡ ਪਾਠੀ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ 3 ਜੂਨ 1984 ਨੂੰ ਐਤਵਾਰ ਸ਼ਾਮ ਨੂੰ ਘਰੋਂ 5 ਵਜੇ ਆਪਣੀ ਡਿਊਟੀ ਕਰਨ ਗੁਰਦੁਆਰਾ ਲਾਚੀ ਬੇਰ ਸਾਹਿਬ (ਹਰਿਮੰਦਰ ਸਾਹਿਬ) ਵਿਖੇ ਗਿਆ। ਪਰ ਸੁਰੱਖਿਆ ਫੌਜਾਂ ਦੇ ਸਖ਼ਤ ਘੇਰੇ ਅਤੇ ਕਰਫਿਊ ਕਾਰਨ ਡਿਊਟੀ ਖ਼ਤਮ ਹੋਣ ਤੋਂ ਬਾਅਦ ਵਾਪਿਸ ਘਰ ਨਹੀਂ ਆ ਸਕਿਆ। ਦਵਿੰਦਰ ਸਿੰਘ ਅਤੇ ਉਸ ਦੇ ਚਾਰ ਅਖੰਡਪਾਠੀ ਸਾਥੀ ਲੁਕਦੇ ਛਿਪਦੇ ਆਪਣੀ ਜਾਨ ਬਚਾਉਂਦੇ ਚੌਂਕ ਬਾਬਾ ਸਾਹਿਬ ਸਥਿਤ ਸੁੰਦਰ ਸਿੰਘ ਗੁਰਮਤਿ ਵਿਦਿਆਲੇ ਵਿਚ ਆ ਗਏ ਜੋ ਹਰਿਮੰਦਰ ਸਾਹਿਬ ਕੰਪਲੈਕਸ ਤੋਂ 200 ਗਜ਼ ਦੂਰੀ ਤੇ ਹੈ।

5 ਜੂਨ ਸ਼ਾਮ 5-30 ਵਜੇ ਦਵਿੰਦਰ ਸਿੰਘ ਸਮੇਤ 5 ਅਖੰਡ ਪਾਠੀਆਂ, ਗੁਰਮਤਿ ਵਿਦਿਆਲੇ ਦੇ ਚਾਰ ਸੇਵਾਦਾਰਾਂ ਅਤੇ ਛੋਟੇ ਛੋਟੇ ਵਿਦਿਆਰਥੀਆਂ ਨੂੰ ਸੁਰੱਖਿਆ ਫੌਜਾਂ ਨੇ ਗੁਰਮਤਿ ਵਿਦਿਆਲੇ ਵਿਚੋਂ ਬਜ਼ਾਰ ਵਿਚ ਬੁਲਾ ਕੇ ਗ੍ਰਿਫ਼ਤਾਰ ਕਰ ਲਿਆ।

ਚੌਂਕ ਪਰਾਗਦਾਸ ਵਿਚੋਂ ਛੋਟੇ ਬੱਚਿਆਂ ਨੂੰ ਜੋ ਕਿ ਰੋਂਦੇ ਸਨ ਵਾਪਸ ਗੁਰਮਤਿ ਵਿਦਿਆਲੇ ਭੇਜ ਦਿਤਾ। ਬਾਕੀ 9 ਆਦਮੀਆਂ ਨੂੰ ਥਾਨਾ 'ਬੀ' ਡਵੀਜ਼ਨ ਲਿਜਾਇਆ ਗਿਆ। ਥਾਣੇ ਵਿਚ 15 ਕੁ ਮਿੰਟ ਬਿਠਾਉਣ ਤੋਂ ਬਾਅਦ ਇਹਨਾਂ 9 ਆਦਮੀਆਂ ਨੂੰ ਸਿਟੀ ਕੋਤਵਾਲੀ ਲੈ ਜਾਇਆ ਗਿਆ ਜਿਥੇ ਦਰਬਾਰ ਸਾਹਿਬ ਕੰਪਲੈਕਸ ਦੇ ਬਾਹਰੋਂ ਫੜੇ ਹੋਰ ਵੀ ਵਿਅਕਤੀ ਲਿਆਂਦੇ ਜਾ ਰਹੇ ਸਨ।

ਸਿਟੀ ਕੋਤਵਾਲੀ ਵਿਖੇ ਲਿਖਤੀ ਕਾਰਵਾਈ ਤੋਂ ਬਾਅਦ ਤਕਰੀਬਨ 120 ਬੰਦਿਆਂ ਨੂੰ ਫੌਜੀ ਛਾਉਣੀ ਵਿਖੇ ਭੇਜ ਦਿਤਾ ਗਿਆ। ਮੈਂ 6 ਜੂਨ ਨੂੰ ਕਰਫਿਊ ਵਿਚ ਦਿਤੀ 2 ਘੰਟੇ ਦੀ ਢਿੱਲ ਦੌਰਾਨ ਸਿਟੀ ਕੋਤਵਾਲੀ ਗਿਆ। ਉਥੇ ਪੁਲਿਸ ਕਰਮਚਾਰੀ ਵਲੋਂ ਇਕ ਟਾਈਪ ਹੋਈ ਲਿਸਟ ਵਿਖਾਈ ਗਈ, ਜਿਸ ਵਿਚ ਲੜੀ ਨੰ: 113, ਉਪਰ ਦਵਿੰਦਰ ਸਿੰਘ ਸਪੁੱਤਰ ਮਲਾਗਰ ਸਿੰਘ ਵਾਸੀ 2603/19, ਉਮਰ 26 ਸਾਲ ਥਾਣਾ 'ਬੀ' ਡਵੀਜ਼ਨ ਟਾਈਪ ਹੋਇਆ ਸੀ।

5 ਜੂਨ 1984 ਤੋਂ 25 ਅਗਸਤ 1984 ਤੀਕ ਮੇਰੇ ਲੜਕੇ ਨੂੰ ਫੌਜੀ ਛਾਉਣੀ ਅੰਮ੍ਰਿਤਸਰ ਵਿਖੇ ਰੱਖਿਆ ਗਿਆ। ਉਕਤ ਸਮੇਂ ਵਿਚ ਦਵਿੰਦਰ ਸਿੰਘ ਦੇ ਨਾਲ ਫੜੇ ਗਏ ਚਾਰ ਅਖੰਡਪਾਠੀ ਸਾਥੀ ਰਿਹਾ ਹੋ ਕੇ ਆ ਗਏ (1-ਮੱਖਣ ਸਿੰਘ, 2- ਅਵਤਾਰ ਸਿੰਘ, 3-ਜਲੌਰ ਸਿੰਘ, 4- ਬਚਿੱਤਰ ਸਿੰਘ) ਜਿਨ੍ਹਾਂ ਨੇ ਉਪਰੋਕਤ ਸਾਰੀ ਜਾਣਕਾਰੀ ਦਿਤੀ।

ਮੇਰੇ ਲੜਕੇ ਦਵਿੰਦਰ ਸਿੰਘ ਨੂੰ 26 ਅਗਸਤ 1984 ਨੂੰ ਨਾਭਾ ਜੇਲ੍ਹ ਵਿਚ ਲਿਆ ਕੇ ਕੇਸ ਨੰ: '136 (ਏ. ਐਸ. ਆਰ.) 2 ਐਚ-3-84/1435 ਮਿਤੀ 22-8-84, ਮੁਤਾਬਕ ਕੌਮੀ ਸੁਰਖਿਆ ਐਕਟ ਅਧੀਨ ਨਜ਼ਰਬੰਦ ਕਰ ਦਿਤਾ ਗਿਆ ਅਤੇ ਇਹ ਦਰਸਾ ਕੇ ਕਿ ਦਵਿੰਦਰ ਸਿੰਘ 10 ਜੂਨ ਤੀਕ ਦਰਬਾਰ ਸਾਹਿਬ ਕੰਪਲੈਕਸ ਵਿਚ ਲੜਦਾ ਰਿਹਾ ਹੈ ਅਤੇ ਇਸ ਨੂੰ ਲੜਦੇ ਨੂੰ ਹੀ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਫੜਿਆ ਹੈ ਇਸ ਉਪਰ ਹੋਰ ਵੀ ਝੂਠੇ ਕੇਸ ਪਾ ਦਿਤੇ ਗਏ।

ਮੁਕੱਦਮਾ ਨੰ: 182/84 ਅ ਸ 392/307/121ਏ/122/123/121/124ਏ/153/153ਬੀ/333 ਆਈ. ਪੀ. ਸੀ. ਥਾਣਾ ਕੋਤਵਾਲੀ ਅੰਮ੍ਰਿਤਸਰ।

ਮੇਰਾ ਲੜਕਾ ਸਕੂਲ ਦੀਆਂ 7 ਜਮਾਤਾਂ ਪੜ੍ਹਿਆ ਹੈ, ਕਾਨੂੰਨ ਦੀ ਪਾਲਨਾ ਕਰਨ ਵਾਲਾ, ਸਾਧਾਰਨ ਸੱਚਾ ਦੇਸ਼ ਭਗਤ, ਸ਼ਹਿਰੀ ਹੈ ਅਤੇ ਸ੍ਰੀ ਦਰਬਾਰ ਸਾਹਿਬ ਕਮੇਟੀ ਅੰਮਿਤਸਰ ਦਾ ਮੁਲਾਜ਼ਮ ਹੈ। (ਸ਼ਰੋਮਣੀ ਗੁ: ਪ੍ਰ: ਕਮੇਟੀ ਦੇ ਅਧਿਕਾਰੀਆਂ ਅਤੇ ਮਹੱਲੇ ਵਾਲਿਆਂ ਵਲੋਂ ਨਾਲ ਸਬੂਤ ਨੱਥੀ ਹਨ)

ਦਵਿੰਦਰ ਸਿੰਘ ਕਿਸੇ ਵੀ ਗੈਰ ਕਾਨੂੰਨੀ ਜਥੇਬੰਦੀਆਂ ਜਿਵੇਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਜਾਂ ਦਲ ਖਾਲਸਾ ਦਾ ਮੈਂਬਰ ਨਹੀਂ ਅਤੇ ਨਾ ਹੀ ਉਸ ਦਾ

ਕਿਸੇ ਕਿਸਮ ਦੀਆਂ ਅੱਤਵਾਦੀ ਕਾਰਵਾਈਆਂ ਨਾਲ ਸਬੰਧ ਹੈ।

ਮੇਰਾ ਲੜਕਾ ਬਿਲਕੁਲ ਨਿਰਦੋਸ਼ ਹੈ। ਮੇਹਰਬਾਨੀ ਕਰਕੇ ਇਸਨੂੰ ਰਿਹਾ ਕਰਕੇ ਇਨਸਾਫ਼ ਦਿਤਾ ਜਾਵੇ।

ਦਾਸ, ਮਲਾਗਰ ਸਿੰਘ

## 4. ਪਲਸ ਮੰਚ ਦਾ ਸਫਲ ਸੂਬਾਈ ਸਮਾਗਮ

ਹਰ ਵਾਪਰੀ ਘਟਨਾ ਸਮੇਂ ਤੇ ਆਪਣੀ ਛਾਪ ਰਖਦੀ ਹੈ। ਇਹਦੇ ਵਿਚੋਂ ਇਕ ਘਟਨਾ ਪਲਸ ਮੰਚ ਦਾ 26 ਜਨਵਰੀ 1985 ਦਾ ਸਮਾਗਮ ਹੈ, ਜੋ ਦੇਸ਼ ਭਗਤਾਂ ਦੇ ਹਾਲ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਹੋਇਆ। ਮੈਂ ਇਹਦੇ ਪ੍ਰਬੰਧਕਾਂ ਵਿਚੋਂ ਕਿਉਂਕਿ ਆਪ ਇਕ ਹਾਂ ਇਸ ਲਈ ਇਸ ਸਮਾਗਮ ਪਿਛੇ ਕੰਮ ਕਰ ਰਹੀ ਸੋਚ ਉਤੇ ਜ਼ਰੂਰ ਚਾਨਣਾ ਪਾਉਣਾ ਚਾਹੁੰਦਾ ਹਾਂ। ਇਸ ਸਮਾਗਮ ਦਾ ਫੈਸਲਾ ਅਸੀਂ ਪਲਸ ਮੰਚ ਦੇ ਸਾਥੀਆਂ ਨੇ 9 ਦਸੰਬਰ ਹੁਸ਼ਿਆਰਪੁਰ ਵਿਚ ਲਿਆ ਜਦੋਂ ਪਲਸ ਮੰਚ ਪ੍ਰਕਾਸ਼ਤ ਮੇਰੀ ਟਾਇਲਰ ਦੀ ਕਿਤਾਬ 'ਭਾਰਤੀ ਜੇਲ੍ਹਾਂ ਵਿਚ ਮੇਰੇ ਪੰਜ ਵਰ੍ਹੇ' ਰੀਲੀਜ਼ ਕੀਤੀ ਗਈ। ਪੰਜਾਬ ਵਿਚ ਜੋ ਪਿਛਲੇ ਸਾਲਾਂ ਵਿਚ ਵਾਪਰ ਚੁੱਕਾ ਸੀ, ਇਸਨੇ ਇਕ ਮਾਯੂਸੀ ਦਾ ਵਾਤਾਵਰਨ ਸਾਰੇ ਆਲੇ ਦੁਆਲੇ ਉਤੇ ਉਸਾਰਿਆ ਹੋਇਆ ਸੀ। ਸਾਡੇ ਸਾਥੀਆਂ ਦੇ ਮੰਨਾਂ ਉਤੇ ਵੀ ਇਹੀ ਸਵਾਲ ਸੀ ਕਿ ਕੀ ਇਸ ਵਾਤਾਵਰਨ ਵਿਚ ਅਸੀਂ ਆਪਣੇ ਲੋਕਾਂ ਨੂੰ ਕੋਈ ਵੀ ਬਦਲ ਨਹੀਂ ਦੇ ਸਕਦੇ? ਕੀ ਉਹ ਕਾਂਗਰਸੀਆਂ ਦੰਭੀਆਂ ਅਤੇ ਫਿਰਕੂ ਜਨੂੰਨੀਆਂ ਦੇ ਗੱਧੀ-ਗੇੜ ਵਿਚ ਪਏ ਰਹਿਣਗੇ? ਕੀ ਅਸੀਂ ਕੁਝ ਨਹੀਂ ਕਰ ਸਕਦੇ? ਇਹਦਾ ਜਵਾਬ ਸਪੱਸ਼ਟ ਸੀ ਕਿ ਅਸੀਂ ਬਹੁਤ ਕੁਝ ਕਰ ਸਕਦੇ ਹਾਂ। ਅਸੀਂ ਥੋੜੇ ਨਹੀਂ ਹਾਂ। ਸਾਨੂੰ ਆਪਣੇ ਤੇ ਵਿਸ਼ਵਾਸ ਹੋਣਾ ਚਾਹੀਦਾ ਹੈ। ਧਾਰਮਕ ਲੋਕਾਂ ਕੋਲ ਧਾਰਮਕ ਅਸਥਾਨ ਹਨ, ਉਥੇ ਉਹ ਕਿਸੇ ਨਾ ਕਿਸੇ ਤਿਉਹਾਰ ਜਾਂ ਗੁਰਪੁਰਬ ਦੇ ਪੱਜ ਇਕੱਠੇ ਹੋ ਜਾਂਦੇ ਹਨ ਤੇ ਆਪਣੇ ਫਿਰਕੂ ਜ਼ਹਿਰ ਨੂੰ ਆਸਾਨੀ ਨਾਲ ਲੋਕਾਂ ਤੱਕ ਪੁਚਾ ਦਿੰਦੇ ਹਨ। ਇਸੇ ਤਰ੍ਹਾਂ ਸਰਕਾਰ ਵਾਲੇ ਆਪਣੇ ਪੈਸੇ ਦੇ ਜ਼ੋਰ ਤੇ ਜਾਂ ਸਰਕਾਰੀ ਮਸ਼ੀਨਰੀ ਵਰਤ ਕੇ ਆਪਣੇ ਵੱਡੇ ਇਕੱਠ ਕਰ ਲੈਂਦੇ ਹਨ ਅਤੇ ਆਪਣੀ ਝੂਠ ਦੀ ਸਿਆਸਤ ਸਾਧਾਰਨ ਲੋਕਾਂ ਤੱਕ ਲੈ ਜਾਂਦੇ ਹਨ। ਸਾਡੇ ਕੋਲ ਕੀ ਸਾਧਨ ਹੈ? ਬਹੁਤ ਥੋੜੇ ਸਾਧਨ ਹਨ ਪਰ ਸਾਡੇ ਕੋਲ ਅਜ਼ਮ ਹੈ, ਇਰਾਦਾ ਹੈ ਅਤੇ ਸਾਡੀ ਖੁਸ਼ਕਿਸਮਤੀ ਹੈ ਕਿ ਸਾਡੇ ਕੋਲ ਵੀ ਹੁਣ ਆਪਣਾ ਇਕ ਅਸਥਾਨ ਹੈ, ਜਿਸਨੂੰ ਸਾਡੇ ਦੇਸ਼ ਭਗਤ ਬਾਬਿਆਂ ਨੇ ਉਸਾਰਿਆ ਹੈ। ਉਹ ਦੇਸ਼ ਭਗਤ ਬਾਬੇ ਜਿਨ੍ਹਾਂ ਨੇ ਸਹੀ ਸ਼ਬਦਾਂ ਵਿਚ ਇਕ ਗੈਰ-ਫਿਰਕੂ ਸੋਚ ਨਾਲ ਦੇਸ਼ ਨੂੰ ਉਚਿਆਂ ਚੁੱਕਣ ਲਈ ਕੁਰਬਾਨੀਆਂ ਕੀਤੀਆਂ ਅਤੇ ਸਮਾਜਕ ਨਿਆਂ ਵਾਲਾ ਸਮਾਜ ਉਸਾਰਨ ਵਿਚ ਆਪਣੀ ਵਚਨਬੱਧੀ ਨੂੰ ਨਿਭਾਇਆ। ਸੋ ਅਸੀਂ ਸਾਥੀਆਂ ਨੇ ਇਹ ਫੈਸਲਾ ਲਿਆ ਕਿ ਅਸੀਂ ਦੇਸ਼ ਭਗਤ ਹਾਲ ਜਲੰਧਰ ਵਿਚ ਆਪਣਾ ਇਕ ਸੂਬਾਈ ਸਮਾਗਮ ਕਰੀਏ ਤੇ ਫਿਰਕੂ ਅਤੇ ਭ੍ਰਿਸ਼ਟ ਸਭਿਆਚਾਰ ਦਾ ਬਦਲ ਆਪਣੇ ਲੋਕਾਂ ਅੱਗੇ ਲਿਆਈਏ ਜੋ ਇਕ ਇਨਕਲਾਬੀ ਸਭਿਆਚਾਰ ਤੋਂ ਬਿਨਾਂ ਹੋਰ ਕੋਈ ਨਹੀਂ ਹੋ ਸਕਦਾ। ਸਮਾਗਮ ਲਈ ਫੰਡਾਂ ਬਾਰੇ ਜ਼ਰੂਰ ਚਿੰਤਾ ਸੀ, ਪਰ ਮੈਂ ਸਾਥੀਆਂ ਨੂੰ ਯਕੀਨ ਦਿਵਾਇਆ ਕਿ ਪਿਛਲੇ ਸਾਲ ਕੈਨੇਡਾ ਅਤੇ ਇੰਗਲੈਂਡ ਦੇ ਦੌਰੇ ਦੇ ਦਰਮਿਆਨ ਇਪਾਨਾ ਵਲੋਂ ਤੇ ਭਾਰਤੀ ਮਜ਼ਦੂਰ ਸਭਾ, ਗਰੇਟ ਬ੍ਰਿਟੇਨ ਵਲੋਂ ਜੋ ਰਕਮ ਮੈਨੂੰ ਦਿਤੀ ਗਈ ਸੀ ਤੇ ਜਿਸਨੂੰ ਮੈਂ ਇਹਨਾਂ ਕੰਮਾਂ ਲਈ ਹੀ ਵਰਤਣਾ ਹੈ, ਉਹ ਸਾਡੀ ਇਸ ਚਿੰਤਾ ਨੂੰ ਦੂਰ ਕਰ ਦੇਏਗੀ। (ਦੂਰ ਬੈਠੇ ਸਾਥੀਆਂ ਦਾ ਮੈਂ ਇਹਦੇ ਲਈ ਰਿਣੀ ਹਾਂ) ਸੋ ਅਸੀਂ ਸਾਰੇ ਇਸ ਸਮਾਗਮ ਲਈ ਜੁੱਟ ਗਏ। ਇਸ ਸਮਾਗਮ ਦੀ ਵੱਡੀ ਸਫਲਤਾ (ਗੁਰਬਖਸ਼ ਜੱਸ ਵਲੋਂ ਵਿਸਥਾਰ ਨਾਲ ਰੀਪੋਰਟ ਅਗਲੇ ਸਫਿਆਂ ਤੇ ਦਿਤੀ ਗਈ ਹੈ) ਨੇ ਸਾਨੂੰ ਇਕ ਨਵਾਂ ਵਿਸ਼ਵਾਸ ਦਿਤਾ ਹੈ ਕਿ ਅਸੀਂ ਖੱਬੀ ਧਿਰ ਵਾਲੇ ਸ਼ਕਤੀ-ਸ਼ਾਲੀ ਫਲਸਫੇ ਦੇ ਮਾਲਕ ਹਾਂ। ਸਾਡੀਆਂ ਆਪਣੀਆਂ ਲੋਕ ਪੱਖੀ ਸਭਿਆਚਾਰਕ ਕਦਰਾਂ ਕੀਮਤਾਂ ਹਨ। ਸਾਨੂੰ ਰੂੜੀਵਾਦੀ ਕਦਰਾਂ ਕੀਮਤਾਂ ਨਾਲ ਕੋਈ ਸਮਝੌਤਾ ਨਹੀਂ ਕਰਨਾ ਚਾਹੀਦਾ। ਲੋਕ ਦੋਖੀ ਸਭਿਆਚਾਰ ਦੇ ਚੈਲਿੰਜ ਨੂੰ ਅਸੀਂ ਕਬੂਲਨਾ ਹੈ ਅਤੇ ਉਚੀ ਸੁੱਚੀ ਕਲਾ ਨਾਲ ਇਹਦਾ ਮੁਕਾਬਲਾ ਕਰਨਾ ਹੈ।

ਅੱਗੇ ਲਈ ਪਲਸ ਮੰਚ ਦਾ ਸਾਲਾਨਾ ਸਮਾਗਮ ਹੁਣ 16 ਮਾਰਚ ਛੰਦੜਾ ਹੋਣ ਜਾ ਰਿਹਾ ਹੈ। ਉਹਦੇ ਵਿਚ ਅਸੀਂ ਸਾਲ ਭਰ ਦੇ ਕੰਮ ਉਲੀਕਣੇ ਹਨ। ਮੈਂ ਚਾਹੁੰਦਾ ਹਾਂ ਕਿ ਸਾਰੇ ਉਹ ਲੋਕ ਜੋ ਇਸ ਲੋਕ ਪੱਖੀ ਸਭਿਆਚਾਰ ਦੇ ਵਾਧੇ ਲਈ ਜ਼ਿੰਮੇਵਾਰੀ ਨਿਭਾਉਣਾ ਚਾਹੁੰਦੇ ਹਨ, ਉਹ ਪਲਸ ਮੰਚ ਦੇ ਮੈਂਬਰ ਬਣਨ। ਸਿਆਸਤ ਦੀ ਭੂਮਿਕਾ ਨੂੰ ਨਾ ਛੁਟਿਆਂਦੇ ਹੋਏ ਮੇਰੀ ਇਹ ਵੀ ਚਾਹ ਹੈ ਕਿ ਜਿੱਥੇ ਵੀ ਸਾਡੀਆਂ ਅਵਾਮੀ ਜਥੇਬੰਦੀਆਂ ਦੀਆਂ ਕਾਨਫਰੰਸਾਂ ਹੋਣ ਉਥੇ ਸਾਧਾਰਨ ਲੋਕਾਂ ਲਈ ਵਧੀਆ ਤੋਂ ਵਧੀਆ ਸਭਿਆਚਾਰਕ ਪ੍ਰੋਗਰਾਮ ਦਿਤੇ ਜਾਣ। ਪਲਸ ਮੰਚ ਸਬੰਧਤ ਟੀਮਾਂ ਦਾ ਫਰਜ਼ ਬਣਦਾ ਹੈ ਕਿ ਹਰ ਐਸੇ ਮੌਕੇ ਉਤੇ ਵਧੀਆ ਇਨਕਲਾਬੀ ਪੇਸ਼ਕਾਰੀਆਂ ਰਾਹੀਂ ਇਕ ਸਭਿਆਚਾਰਕ ਬਦਲ ਲੋਕਾਂ ਅੱਗੇ ਲਿਆਉਣ। ਇਹੀ ਕੁਝ ਵਿਚਾਰ ਹਨ ਜੋ ਆਪਣੇ ਸਾਰੇ ਸਾਥੀਆਂ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ।

—ਗੁਰਸ਼ਰਨ ਸਿੰਘ

ਦੋ ਲੇਖ

# ਜੋਤਸ਼ੀਆਂ ਨੂੰ ਚੁਨੌਤੀ ਤੇ ਪੁਨਰ ਜਨਮ

**ਮੇਘ ਰਾਜ ਮਿੱਤਰ**

ਗਰੀਬ ਦੇ ਲਿਤਾੜੇ ਹੋਏ ਲੋਕਾਂ ਦੇ ਆਪਣੀ ਤਕਦੀਰ ਬਦਲਣ ਦੇ ਸੰਘਰਸ਼ ਵਿਚ ਸਾਰਿਆਂ ਨਾਲੋਂ ਵਡਾ ਰੋੜਾ 'ਕਰਮਾਂ ਦਾ ਫਲ' ਵਾਲਾ ਫਲਸਫਾ ਹੈ। ਇਸ ਫਲਸਫੇ ਦੀ ਬੁਨਿਆਦ ਇਹ ਹੈ ਕਿ ਜੀਵ ਜੋ ਵੀ ਜ਼ਿੰਦਗੀ ਕੱਟ ਰਿਹਾ ਹੈ, ਇਹ ਉਸਦੀ ਧੁਰ ਤੋਂ ਲਿਖੀ ਤਕਦੀਰ ਹੈ ਜਾਂ ਉਹਦੇ ਪਿੱਛਲੇ ਜਨਮਾਂ ਦੇ ਕਰਮਾਂ ਦਾ ਫੱਲ ਹੈ। ਇਸ ਲਈ 'ਹੇ ਜੀਵ ਤੂੰ ਭਾਣਾ ਮੰਨ ਅਤੇ ਉਪਰ ਵਾਲੇ ਦਾ ਸ਼ੁਕੱਰ ਕਰੇਂਦਾ ਹੋਇਆ ਆਪਣਾ ਅੱਗਾ ਸੁਆਰਨ ਦਾ ਯਤਨ ਕਰ।' ਹੋਰ ਕਿਸੇ ਸੰਘਰਸ਼ ਦੀ ਲੋੜ ਨਹੀਂ। ਅਸੀਂ ਜੋ ਇਸ ਸਮਾਜ ਵਿਚ ਸਮਾਜਕ ਨਿਆਂ ਲਿਆਉਣ ਲਈ ਸੰਘਰਸ਼ਾਂ ਦੇ ਵਚਨ ਬੱਧ ਹਾਂ, ਸਾਨੂੰ ਇਸ ਫਲਸਫੇ ਨਾਲ ਵੱਡੀ ਟੱਕਰ ਲੈਣੀ ਪੈਂਦੀ ਹੈ। ਸ਼ਹੀਦ ਭਗਤ ਸਿੰਘ ਦੀ ਲਿਖਤ 'ਮੈਂ ਨਾਸਤਕ ਕਿਉਂ ਹਾਂ' ਇਸੇ ਟੱਕਰ ਦੀ ਦੇਣ ਹੈ। ਅਜੋਕੇ ਯੁੱਗ ਵਿਚ ਸੰਸਾਰ ਭਰ ਵਿਚ ਇਸ ਟੱਕਰ ਨੂੰ ਤੱਰਕ ਦੇ ਪੱਧਰ ਤੇ ਡਾਕਟਰ ਕਾਵੂਰ ਨੇ ਪਹਿਲ ਕੱਦਮੀ ਕਰਕੇ ਸ਼ੁਰੂ ਕੀਤਾ ਹੈ। ਉਹਦੀ ਤਰਕਵਾਦੀ ਲਹਿਰ ਹੁਣ ਸਾਰੇ ਸੰਸਾਰ ਵਿਚ ਅੰਤੇ ਖਾਸ ਕਰਕੇ ਹਿੰਦੋਸਤਾਨ ਵਿਚ ਵੱਡੀ ਪੱਧਰ ਤੇ ਜੜ੍ਹਾਂ ਪਕੜ ਰਹੀ ਹੈ। ਪੰਜਾਬ ਵਿਚ ਇਸ ਲਹਿਰ ਦਾ ਸ਼ੁਰੂਆਤ ਬਰਨਾਲਾ ਵਿਖੇ ਮਾਸਟਰ ਮੇਘ ਰਾਜ ਮਿੱਤਰ ਅਤੇ ਸਾਥੀਆਂ ਦੇ ਉੱਦਮ ਨਾਲ ਹੋਇਆਂ ਤੇ ਉਹਨਾਂ ਨੇ ਰੈਸ਼ਨਲਿਸਟ ਸੋਸਾਇਟੀ ਪੰਜਾਬ ਦੀ ਬੁਨਿਆਦ ਰਖੀ। ਉਹਨਾਂ ਨੇ ਡਾਕਟਰ ਕਾਵੂਰ ਦੀ ਪ੍ਰਸਿਧ ਕਿਤਾਬ 'ਦੇਵ ਪੁਰਸ਼ ਹਾਰ ਗਏ' ਪੰਜਾਬੀ ਪਾਠਕਾਂ ਨੂੰ ਦਿਤੀ। ਇਸ ਕਿਤਾਬ ਦਾ ਜਿਸ ਤਰ੍ਹਾਂ ਸਵਾਗਤ ਹੋਇਆ ਅਤੇ ਥੋੜੇ ਅਰਸੇ ਵਿਚ ਇਹਦੀਆਂ ਦੋ ਐਡੀਸ਼ਨਾਂ ਵਿਚ ਵਿੱਕ ਜਾਣਾ ਇਹ ਸਾਬਤ ਕਰਦਾ ਹੈ ਕਿ ਇਸ ਲਹਿਰ ਨੇ ਲੋਕਾਂ ਦਾ ਧਿਆਨ ਖਿਚਿਆ ਹੈ। ਰੈਸ਼ਨਲਿਸਟ ਸੋਸਾਇਟੀਆਂ ਥਾਂ ਥਾਂ ਤੇ ਬਣ ਰਹੀਆਂ ਹਨ। ਪਿਛੇ ਜਹੇ ਰੈਸ਼ਨਲਿਸਟ ਸੋਸਾਇਟੀ ਮਾਛੀਵਾੜਾ ਨੇ ਵਡੀ ਗਿਣਤੀ ਵਿਚ ਇਕ ਲੀਫਲੈਟ ਲੋਕਾਂ ਵਿਚ ਵੰਡਿਆ ਅਤੇ ਲੋਕਾਂ ਨੂੰ ਵਹਿਮਾਂ ਭਰਮਾਂ ਤੋਂ ਬਚਣ ਲਈ ਅਤੇ ਜ਼ਿੰਦਗੀ ਵਲ ਇਕ ਤਰਕਸੀਲ ਪਹੁੰਚ ਅਪਨਾਉਣ ਦੀ ਪ੍ਰੇਰਨਾ ਦਿਤੀ। ਪਲਸ ਮੰਚ ਵਲੋਂ ਛੰਦੜਾ ਵਿਖੇ ਸਾਰੀ ਰਾਤ ਦੇ ਸਾਲਾਨਾ ਸਮਾਗਮ ਵਿਚ ਜੋ 16-17 ਮਾਰਚ ਦੀ ਦਰਮਿਆਨੀ ਰਾਤ ਨੂੰ ਹੋ ਰਿਹਾ ਹੈ ਇਕ ਵਿਸ਼ੇਸ਼ ਨਾਟਕ 'ਦੇਸ਼ ਪੁਰਸ਼ ਹਾਰ ਗਏ' ਇਸ ਨਾਂ ਦੀ ਕਿਤਾਬ ਤੇ ਹੋ ਰਿਹਾ ਹੈ ਜੋ ਰੈਸ਼ਨਲਿਸਟ ਲਹਿਰ ਨੂੰ ਸਮਰਪਣ ਹੋਵੇਗਾ। ਇਹ ਖੁਸ਼ੀ ਦੀ ਗਲ ਹੈ ਕਿ ਰੈਸ਼ਨਲਿਸਟ ਸੋਸਾਇਟੀ ਪੰਜਾਬ ਡਾਕਟਰ ਕਾਵੂਰ ਦੀ ਅਗਲੀ ਕਿਤਾਬ '*Gods, Demos and spirits*' ਵੀ ਪੰਜਾਬੀ ਪਾਠਕਾਂ ਨੂੰ ਦੇ ਰਹੇ ਹਨ। ਇਹ ਹੱਥਲੇ ਲੇਖ ਅਤੇ ਚਨੌਤੀ ਇਸੇ ਲਹਿਰ ਦੇ ਪ੍ਰਸੰਗ ਵਿਚ ਇਕ ਹੋਰ ਉਪਰਾਲਾ ਹੈ।

—ਸੰਪਾਦਕ

ਜਿਥੇ ਸਾਡੇ ਮਿਹਨਤੀ ਲੋਕਾਂ ਨੂੰ ਭ੍ਰਿਸ਼ਟਾਚਾਰ, ਫਿਰਕਾਪ੍ਰਸਤੀ ਅਤੇ ਦਹੇਜ ਵਰਗੀਆਂ ਲਾਹਨਤਾਂ ਦਿਨੋ ਦਿਨ ਕੰਗਾਲ ਕਰ ਰਹੀਆਂ ਹਨ ਉਥੇ ਫਜ਼ੂਲ ਭਰਮ, ਵਹਿਮ, ਪਾਖੰਡ ਅਤੇ ਫਜ਼ੂਲ ਰਸਮ ਰਿਵਾਜ ਭੀ ਚੂੰਡ ਚੂੰਡ ਕੇ ਖਾਈ ਜਾ ਰਹੇ ਹਨ। ਇਹਨਾਂ ਹੀ ਲਾਹਨਤਾਂ ਵਿਚੋਂ ਇੱਕ ਲਾਹਨਤ ਹੈ ਜੋਤਸ਼। ਸਾਡੇ ਹਰ ਪਿੰਡ ਜਾਂ ਸ਼ਹਿਰ ਵਿਚ ਡਾਕਟਰ ਹੋਵੇ ਜਾਂ ਨਾ ਹੋਵੇ ਪਰ ਜੋਤਸ਼ੀ ਜ਼ਰੂਰ ਹੋਵੇਗਾ। ਆਓ ਅਸੀਂ ਮਿਹਨਤੀ ਲੋਕਾਂ ਦੀ ਕਮਾਈ ਤੇ ਪਲ ਰਹੇ ਪਰਜੀਵੀਆਂ ਦੇ ਪਾਖੰਡਾਂ ਦਾ ਪਰਦਾ ਫਾਸ਼ ਕਰੀਏ। ਇਹਨਾਂ ਪਖੰਡੀਆਂ ਵਿਚ ਉਹ ਵਿਅਕਤੀ ਭੀ ਸ਼ਾਮਿਲ ਹਨ ਜਿਹੜੇ ਹੱਥ ਵੇਖਣ ਦੀ ਕੋਈ ਫੀਸ ਨਹੀਂ ਲੈਂਦੇ ਪਰ ਲੋਕਾਂ ਨੂੰ ਭਰਮਾਂ ਵਿਚ ਪਾਉਣ ਲਈ ਸਹਾਈ ਜ਼ਰੂਰ ਹੁੰਦੇ ਹਨ।

ਮਨੁੱਖੀ ਹੱਥਾਂ ਤੇ ਜਨਮ ਸਮੇਂ ਬੰਦ ਹੋਣ ਕਰਕੇ ਪਈਆਂ ਕੁਝ ਰੇਖਾਵਾਂ ਸਾਡੀ ਜ਼ਿੰਦਗੀ, ਮੌਤ, ਪੜ੍ਹਾਈ ਜਾਂ ਕਿਸਮਤ ਬਾਰੇ ਕੁਝ ਨਹੀਂ ਦੱਸ ਸਕਦੀਆਂ। ਜੇ ਇਹਨਾਂ ਲਕੀਰਾਂ ਦਾ ਸਾਡੀ ਕਿਸਮਤ ਨਾਲ ਕੋਈ ਸਬੰਧ ਹੁੰਦਾ ਤਾਂ ਜ਼ਰੂਰ ਹੀ ਜਾਪਾਨ ਦੇ ਐਟਮੀ ਤਬਾਹੀ ਵਾਲੇ ਦੋ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਲੱਖ ਲੋਕਾਂ (ਸਮੇਤ ਜੋਤਸ਼ੀਆਂ) ਦੇ ਹੱਥਾਂ ਤੇ ਮੌਤ ਦੀ ਲਕੀਰ ਇਕੋ ਜਿਹੀ ਹੀ ਹੋਣੀ ਸੀ। ਅਤੇ ਕਿਸੇ ਨਾ ਕਿਸੇ ਜੋਤਸ਼ੀ ਨੇ ਉਨਾਂ ਦੇ ਹੱਥਾਂ ਨੂੰ ਵੇਖਦੇ ਹੋਏ ਉਹਨਾਂ ਨੂੰ ਜ਼ਰੂਰ ਹੀ ਉਹ ਸ਼ਹਿਰ ਛੱਡ ਦੇਣ ਦੀ ਸਿਖਿਆ ਦਿਤੀ ਹੁੰਦੀ ਅਤੇ ਇਸ ਤਰ੍ਹਾਂ ਦੁਨੀਆਂ ਦਾ ਸਭ ਤੋਂ ਵੱਡਾ ਹੱਤਿਆ ਕਾਂਡ ਹੋਣੋਂ ਬਚੋ ਜਾਂਦਾ।

ਜੇ ਭੂਪਾਲ ਦੇ ਲੱਖਾਂ ਲੋਕਾਂ ਨੂੰ ਕਿਸੇ ਜੋਤਸ਼ੀ ਨੇ ਗੈਸ ਲੀਕ ਹੋਣ ਕਾਰਨ ਮਾਰੇ ਜਾਣ ਜਾਂ ਅਪਾਹਜ ਹੋਣ ਬਾਰੇ ਦੱਸਿਆ ਹੁੰਦਾ ਤਾਂ ਹੋ ਸਕਦਾ ਸੀ ਕਿ ਭਾਰਤ ਦੇ ਸੀਨੇ ਤੇ ਇਹ ਦੁਖਾਂਤ ਨਾ ਵਾਪਰਦਾ।

ਕੀ ਕੋਈ ਜੋਤਸ਼ੀ ਅਜਿਹਾ ਹੈ ਜਿਹੜਾ ਦੱਸ ਸਕਦਾ

ਹੋਵੇ ਕਿ ਹੁਣ ਭਾਰਤ ਦੇ ਕਿਹੜੇ ਸ਼ਹਿਰ ਜਾਂ ਪਿੰਡ ਵਿਚ ਕਿਹੜਾ ਦੁਖਾਂਤ ਕਦੋਂ ਵਾਪਰੇਗਾ ਅਤੇ ਕਿੰਨੇ ਵਿਅਕਤੀ ਇਸ ਦਾ ਸ਼ਿਕਾਰ ਹੋਣਗੇ ?

ਜੋਤਸ਼ੀ ਲੋਕਾਂ ਦੀ ਲੁੱਟ ਕਿਵੇਂ ਕਰਦੇ ਹਨ ? ਇਹ ਬਹੁਤ ਹੀ ਚਲਾਕ ਅਤੇ ਮਕਾਰ ਕਿਸਮ ਦੇ ਆਦਮੀ ਹੁੰਦੇ ਹਨ ਜਿਹੜੇ ਮਨੁੱਖਾਂ ਦੀਆਂ ਮਾਨਸਿਕ ਕਮਜ਼ੋਰੀਆਂ ਤੋਂ ਭਲੀ ਭਾਂਤ ਜਾਣੂ ਹੁੰਦੇ ਹਨ। ਉਹ ਜਾਣਦੇ ਹਨ ਕਿ ਹਰ ਇਨਸਾਨ ਆਪਣੀ ਪਰਸੰਸਾ ਸੁਣਨਾ ਚਾਹੁੰਦਾ ਹੈ। ਹਰ ਇਨਸਾਨ ਮਹਾਨ ਅਤੇ ਅਮੀਰ ਬਣਨਾ ਚਾਹੁੰਦਾ ਹੈ। ਇਨਸਾਨ ਦੇ ਘਰ ਕਲੇਸ਼ ਰਹਿੰਦਾ ਹੈ। ਹਰ ਇਨਸਾਨ ਕੋਈ ਨਾ ਕੋਈ ਸਮਸਿਆ ਕਰਕੇ ਪ੍ਰੇਸ਼ਾਨ ਹੁੰਦਾ ਹੈ। ਹਰ ਇਨਸਾਨ ਜੋਤਸ਼ੀਆਂ ਦੀਆਂ ਝੂਠ ਸਿੱਧ ਹੋਈਆਂ ਗੱਲਾਂ ਨੂੰ ਭੁਲਾ ਦਿੰਦਾ ਹੈ। ਪਰ ਠੀਕ ਸਿੱਧ ਹੋਈਆਂ ਗੱਲਾਂ ਦਾ ਪ੍ਰਚਾਰ ਪੂਰੇ ਜ਼ੋਰ ਨਾਲ ਕਰਦਾ ਹੈ।

ਇਸ ਲਈ ਜੋਤਸ਼ੀ ਹੇਠ ਲਿਖੀਆਂ ਗੱਲਾਂ ਵਿਚੋਂ ਦੋ ਚਾਰ ਹੱਥ ਵਿਖਾਉਣ ਵਾਲੇ ਆਦਮੀ ਦੀ ਪ੍ਰਸੰਸਾ ਵਿਚ ਅਤੇ ਇੱਕ ਜਾਂ ਦੋ ਗੱਲਾਂ ਉਸਦੀ ਸਮੱਸਿਆ ਬਾਰੇ ਦੱਸ ਦਿੰਦੇ ਹਨ ਅਤੇ ਫਿਰ ਸਮਸਿਆ ਦੇ ਉਪਾਅ ਲਈ ਪਾਠ ਪੂਜਾ ਦੇ ਬਹਾਨੇ ਪੈਸੇ ਬਟੋਰ ਲੈਂਦੇ ਹਨ।

ਜੋਤਸ਼ੀ ਦੱਸਦਾ ਹੈ।

1 ਹਰ ਇਸਤਰੀ ਪੁੱਤਰ ਦੀ ਇੱਛਾ ਰੱਖਦੀ ਹੈ ਅਤੇ ਜੋਤਸ਼ੀ ਹਰ ਇੱਕ ਨੂੰ ਪੁੱਤਰ ਦੇ ਪੈਦਾ ਹੋਣ ਬਾਰੇ ਹੀ ਦੱਸਦਾ ਹੈ ਅਤੇ ਇਸ ਵਿਚੋਂ ਪੰਜਾਹ ਪ੍ਰਤੀਸ਼ਤ ਠੀਕ ਹੋਣਾਂ ਹੀ ਹੁੰਦਾ ਹੈ। ਜਿਨ੍ਹਾਂ ਇਸਤਰੀਆਂ ਨੂੰ ਜੋਤਸ਼ੀ ਨੇ ਠੀਕ ਦੱਸਿਆ ਹੁੰਦਾ ਹੈ ਉਹ ਜੋਤਸ਼ੀਆਂ ਦੀਆਂ ਪ੍ਰਚਾਰਕ ਬਣ ਜਾਂਦੀਆਂ ਹਨ। ਪਰੰਤੂ ਦੂਜੀਆਂ ਚੁੱਪ ਰਹਿੰਦੀਆਂ ਹਨ।

2 ਹਰ ਵਿਦਿਆਰਥੀ ਨੂੰ ਪਾਸ ਹੋਣ ਬਾਰੇ ਹੀ ਦੱਸਦਾ ਹੈ ਅਤੇ ਅੱਸੀ ਪ੍ਰਤੀਸ਼ਤ ਨੇ ਪਾਸ ਹੋਣਾ ਹੀ ਹੁੰਦਾ ਹੈ।

3 ਹਰ ਇੱਕ ਨੂੰ ਕਿਹਾ ਜਾਂਦਾ ਹੈ ਕਿ ਉਸਦਾ ਵਿਗੜਿਆ ਕੰਮ ਠੀਕ ਹੋ ਜਾਵੇਗਾ।

4 ਹਰ ਬੇਰੁਜ਼ਗਾਰ ਨੂੰ ਕਿਹਾ ਜਾਂਦਾ ਹੈ ਕਿ ਉਸਨੂੰ ਨੌਕਰੀ ਮਿਲ ਜਾਵੇਗੀ।

5 ਹਰ ਆਦਮੀ ਨੂੰ ਕਿਹਾ ਜਾਂਦਾ ਹੈ ਕਿ ਉਸ ਪਾਸ ਪੈਸਾ ਬਹੁਤ ਆਉਂਦਾ ਹੈ ਪਰ ਚਲਿਆ ਜਾਂਦਾ ਹੈ।

6 ਹਰ ਇਨਸਾਨ ਨੂੰ ਕਿਹਾ ਜਾਂਦਾ ਹੈ ਕਿ ਤੇਰੇ ਘਰ ਕਲੇਸ਼ ਰਹਿੰਦਾ ਹੈ।

7 ਹਰ ਇੱਕ ਨੂੰ ਕਿਹਾ ਜਾਂਦਾ ਹੈ ਕਿ ਉਹ ਇੱਕ ਵਾਰ ਮੌਤ ਦੇ ਮੂੰਹ ਵਿਚੋਂ ਬਚਿਆ ਹੈ।

8 ਹਰ ਇਕ ਨੂੰ ਕਿਹਾ ਜਾਂਦਾ ਹੈ ਕਿ ਉਹ ਕੰਮ ਕਰਨ ਤੋਂ ਪਹਿਲਾਂ ਸੋਚਦਾ ਬਹੁਤ ਹੈ।

9 ਹਰ ਇਕ ਨੂੰ ਦਸਿਆ ਜਾਂਦਾ ਹੈ ਕਿ ਤੈਨੂੰ ਜਾਇਜ਼ ਗੱਲ ਤੇ ਗੁੱਸਾ ਬਹੁਤ ਆਉਂਦਾ ਹੈ।

10 ਹਰ ਇਕ ਨੂੰ ਕਿਹਾ ਜਾਂਦਾ ਹੈ ਕਿ ਤੂੰ ਕਿਸੇ ਨਾ ਕਿਸੇ ਦਿਨ ਅਮੀਰ ਆਦਮੀ ਜਾਂ ਮਹਾਨ ਬਣੇਗਾ। "ਤੇਰੀ ਕਿਸਮਤ ਚਮਕ ਉਠੇਗੀ। ਤੂੰ ਵਿਦੇਸ਼ ਜਾਵੇਂ ਗਾ।

11 ਹਰ ਮਨੁੱਖ ਨੂੰ ਕਿਹਾ ਜਾਂਦਾ ਹੈ ਕਿ ਤੂੰ ਸੁੰਦਰਤਾ ਦਾ ਪੁਜਾਰੀ ਹੈ। ਤੂੰ ਆਸ਼ਕ ਮਜਾਜ਼ ਹੈਂ।" ਤੂੰ ਕਲਾਤਮਕ ਰੁਚੀਆਂ ਦਾ ਮਾਲਕ ਹੈ।

ਮਿਹਨਤੀ ਲੋਕਾਂ ਨੂੰ ਅਸੀਂ ਸੁਝਾਓ ਦੇ ਰਹੇ ਹਾਂ ਕਿ ਉਹ ਜੋਤਸ਼ੀਆਂ ਦੀ ਪਰਖ ਕਰਨ ਲਈ ਅਜਿਹੇ ਸਵਾਲ ਨਾ ਪੁੱਛਿਆ ਕਰਨ, ਜਿਨ੍ਹਾਂ ਦੇ ਜਵਾਬ ਹਾਂ ਜਾਂ ਨਾ ਵਿਚ ਹੀ ਹੋਣ। ਸੁਆਲ ਅਜਿਹੇ ਹੋਣੇ ਚਾਹੀਦੇ ਹਨ ਜਿਨ੍ਹਾਂ ਦੇ ਉੱਤਰ ਨਿਸ਼ਚਿਤ ਹੋਣ। ਅਸੀਂ ਪਾਠਕਾਂ ਦੀ ਸਹਾਇਤਾ ਲਈ ਹੇਠਾਂ ਸਾਰਣੀ ਦੇ ਰਹੇ ਹਾਂ। ਉਮੀਦ ਹੈ ਜੋਤਸ਼ੀਆਂ ਦੀ ਪਰਖ ਕਰਨ ਲਈ ਜੋਤਸ਼ੀਆਂ ਨੂੰ ਸਾਰਣੀ ਵਿਚੋਂ ਦਿਤੇ ਉਤਰਾਂ ਵਿਚੋਂ ਕਿਸੇ ਇੱਕ ਤੇ ਚੱਕਰ ਲਾਉਣ ਲਈ ਕਿਹਾ ਜਾਵੇ।

-ਸਾਰਣੀ-

| ਲੜੀ ਨੰ: | ਸਵਾਲ | ਸੰਭਵ ਜੁਆਬ | | | | | | | |
|---|---|---|---|---|---|---|---|---|---|
| 1 | ਮੇਰੇ ਘਰ ਮੇਰੇ ਜਿਉਂਦੇ ਪੁੱਤਰ ਧੀਆਂ ਕਿੰਨੇ ਹਨ। | ਪੁਤਰ | | | | ਧੀਆ | | | |
| | | 1 | 2 | 3 | 4 | 1 | 2 | 3 | 4 |
| 2 | ਮੇਰੇ ਜਿਉਂਦੇ ਸਕੇ ਭੈਣ ਭਰਾ ਕਿੰਨੇ ਹਨ | ਭੈਣ | | | | ਭਰਾ | | | |
| | | 1 | 2 | 3 | 4 | 1 | 2 | 3 | 4 |
| 3 | ਮੈਂ ਕਿੰਨੀਆਂ ਜਮਾਤਾਂ ਪਾਸ ਹਾਂ। | 5 | 8 | 10 | 12 | 14 | 16 | ਇਸ ਤੋਂ ਵੀ ਵੱਧ | |
| 4 | ਪਾਸ/ਫੇਲ ਅੱਡ ਅੱਡ ਵਿਸ਼ਿਆਂ ਵਿਚੋਂ (ਕੇਵਲ ਮਿਡਲ ਅਤੇ ਮੈਟ੍ਰਿਕ ਲਈ) | ਅੰਗਰੇਜ਼ੀ, ਪੰਜਾਬੀ, ਹਿੰਦੀ, ਹਿਸਾਬ, ਸਾਇੰਸ | | | | | | | |
| 5 | ਮੈਂ ਕੀ ਹਾਂ ? | ਡਾਕਟਰ, ਇੰਜਨੀਅਰ ਅਧਿਆਪਕ, ਕਲੱਰਕ, ਕਿਸਾਨ, ਵਿਉਪਾਰੀ, ਮਜ਼ਦੂਰ, ਵਕੀਲ। | | | | | | | |
| 6 | ਮੇਰੀ ਜਨਮ ਮਿਤੀ ਕੀ ਹੈ ? | | | | | | | | |

ਅੰਤ ਵਿਚ ਮੈਂ ਰੈਸ਼ਨਲਿਸਟ ਸੁਸਾਇਟੀ ਪੰਜਾਬ ਵਲੋਂ ਹਰ ਕਿਸਮ ਦੇ ਜੋਤਸ਼ੀਆਂ ਪਾਂਡਿਆਂ ਅਤੇ ਹੱਥ ਰੇਖਾ ਨਿਪੁੰਨਾਂ ਨੂੰ ਚਨੌਤੀ ਦਿੰਦਾ ਹਾਂ ਕਿ ਮੈਂ ਉਹਨਾਂ ਨੂੰ ਦਸ ਹਥੇਲੀਆਂ ਵਿਖਾਵਾਂਗਾ ਜੇਕਰ ਉਹਨਾਂ ਦੇ ਪਚਾਨਵੇਂ ਪ੍ਰਤੀਸ਼ਤ ਉੱਤਰ ਠੀਕ ਹੋਣਗੇ ਤਾਂ ਮੈਂ ਉਹਨਾਂ ਨੂੰ ਦਸ ਹਜ਼ਾਰ ਰੁਪਏ ਬਤੌਰ ਇਨਾਮ ਦੇ ਦਵਾਂਗਾ। ਇਸ ਇਨਾਮ ਨੂੰ ਜਿਤਣ ਲਈ ਹਰ ਜੋਤਸ਼ੀ ਵਾਸਤੇ ਇਹ ਜ਼ਰੂਰੀ ਹੈ ਕਿ ਉਹ ਇੱਕ ਹਜ਼ਾਰ ਰੁਪਏ ਬਤੌਰ ਜ਼ਮਾਨਤ ਮੇਰੇ ਪਾਸ ਜਮਾਂ ਕਰਵਾ,ਦੇਵੇ ਅਤੇ ਜੋਤਸ਼ੀ ਦੇ ਜੁਆਬ ਸਹੀ ਨਾ ਹੋਣ ਦੀ ਹਾਲਤ ਵਿਚ ਉਸਦਾ ਇਕ ਹਜ਼ਾਰ ਰੁਪਏ ਜ਼ਬਤ ਹੋ ਜਾਵੇਗਾ। ਅਤੇ ਜਿੱਤ ਜਾਣ ਦੀ ਹਾਲਤ ਵਿਚ ਉਸਨੂੰ ਇਨਾਮ ਦੀ ਰਾਸ਼ੀ ਸਮੇਤ ਜ਼ਮਾਨਤ ਦੇ ਮਿਲ ਜਾਵੇਗੀ। ਸਾਰੇ ਜੋਤਸ਼ੀਆਂ ਨੂੰ ਇਸ ਪ੍ਰਤੀਯੋਗਤਾ ਵਿਚ ਹਿੱਸਾ ਲੈਣ ਦਾ ਇਹ ਖੁਲਾ ਸੱਦਾ ਹੈ। ਸੰਪਰਕ ਹੇਠ ਲਿਖੇ ਪਤੇ ਤੇ ਕੀਤਾ ਜਾਵੇ।

ਮੇਘ ਰਾਜ ਮਿੱਤਰ ਪ੍ਰਧਾਨ, ਰੈਸ਼ਨਲਿਸਟ
ਸੁਸਾਇਟੀ ਪੰਜਾਬ, ਗੁਰੂ ਨਾਨਕ ਸਟਰੀਟ
ਕੱਚਾ ਕਾਲਜ ਰੋਡ, ਬਰਨਾਲਾ।

---

## ਪੁਨਰ ਜਨਮ ਬਾਰੇ ਦੀ ਟ੍ਰਿਬਿਊਨ ਦੇ ਸੰਪਾਦਕ ਨੂੰ

'ਦੀ ਟ੍ਰਿਬਿਊਨ' ਦੇ ਸੰਪਾਦਕ ਨੇ 2 ਦਸੰਬਰ, 1984 ਦੇ ਅੰਕ ਵਿਚ ਇਕ ਲੇਖ ਲਿਖਿਆ—Where Science Stops ਪੜ੍ਹ ਕੇ ਬੜੀ ਹੈਰਾਨੀ ਹੋਈ ਕਿ ਥਈ ਸਾਇੰਸ ਵੀ ਰੁਕ ਸਕਦੀ ਹੈ। ਜਦੋਂ ਕਿ ਸਾਇੰਸ ਤਾਂ ਇਕ ਪ੍ਰੀਵਰਤਨਸ਼ੀਲ ਗਿਆਨ ਦਾ ਨਾਂ ਹੈ ਜਿਹੜਾ ਲਗਾਤਾਰ ਪਰਖਿਆ ਜਾਂਦਾ ਹੈ, ਠੀਕ ਕੀਤਾ ਜਾਂਦਾ ਹੈ ਤੇ ਪਹਿਲਾਂ ਨਾਲੋਂ ਸੁਧਾਰਿਆ ਜਾਂਦਾ ਹੈ। ਚਲੋ ਖ਼ੈਰ . ।

ਪਰੰਤੂ ਇਸ ਸੰਪਾਦਕੀ ਲੇਖ ਵਿਚ ਨੈਸ਼ਨਲ ਇੰਸਟੀਚਿਊਟ ਆਫ ਮੈਂਟਲ ਐਂਡ ਨਿਊਰੋ ਸਾਇੰਸਜ਼ ਦੇ ਡਾ. ਸਤਵੰਤ ਪਾਸਰਿਚਾ ਦੀ ਗੱਲ ਦਾ ਇਕ ਲੜ ਫੜ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਮਨੁੱਖ ਪੁਨਰ ਜਨਮ ਲੈਂਦਾ ਹੈ ਤੇ ਆਤਮਾ ਦੀ ਵੀ ਹੋਂਦ ਹੈ।

ਬੇਸ਼ਕ ਇਸ ਲੇਖ ਵਿਚ ਚੰਗੇ ਅੰਕੜੇ ਦਿਤੇ ਗਏ ਹਨ ਜਿਵੇਂ ਕਿ ਯੂ.ਪੀ. ਰਾਜਸਥਾਨ ਵਿਚ ਪੁਨਰ ਜਨਮ ਦੇ 300 ਕੇਸਾਂ ਨੂੰ ਪਰਖਿਆ ਗਿਆ ਅਤੇ ਇਨ੍ਹਾਂ ਵਿਚੋਂ 80% ਨੇ ਆਪਣੇ ਪਹਿਲੇ ਜਨਮ ਬਾਰੇ ਪੂਰੇ ਵਿਸਥਾਰ ਨਾਲ ਦੱਸਿਆ ਜਿਸ ਨੂੰ ਠੀਕ ਪਾਇਆ ਗਿਆ। ਮੈਂ ਮੰਨਦਾ ਹਾਂ ਕਿ ਪੁਨਰ ਜਨਮ ਨੂੰ ਸਿੱਧ ਕਰਨ ਦੇ ਲਈ ਇਸ ਤਰ੍ਹਾਂ ਦੇ ਹੋਰ ਅੰਕੜੇ ਵੀ ਤਿਆਰ ਕੀਤੇ ਜਾ ਸਕਦੇ ਹਨ ਕਿਉਂਕਿ ਇਕ ਤਾਂ ਸਾਡੇ ਵਿਚ ਅਜੇ ਵੀ ਅਨਪੜ੍ਹਤਾ ਹੈ ਤੇ ਦੂਜਿਆਂ ਨੂੰ ਬੁੱਧੂ ਬਨਾਉਣ ਦੀ ਖੂਬੀ ਵੀ, ਕਿਉਂਕਿ ਕਿਸੇ ਆਦਮੀ ਨੂੰ ਆਪਣੇ ਜਨਮ ਨੂੰ ਪੁਨਰ ਜਨਮ ਸਿੱਧ ਕਰਨ ਦੇ ਲਈ ਕਿਸੇ ਮਰੇ ਹੋਏ ਆਦਮੀ ਬਾਰੇ ਥੋੜੀ ਜਿਹੀ ਜਾਣਕਾਰੀ ਇਕੱਠੀ ਕਰਨ ਦੀ ਹੀ ਤਾਂ ਲੋੜ ਹੈ। ਸਭ ਤੋਂ ਵੱਡੀ ਗੱਲ ਅਜਿਹੇ ਅੰਕੜੇ ਇਕੱਠੇ ਕਰਨ ਵਾਲੇ ਨੇ ਵਿਗਿਆਨ ਤਾਂ ਪੜ੍ਹਿਆ ਹੋ ਸਕਦਾ ਹੈ ਪਰ ਵਿਗਿਆਨਿਕ ਮਾਨਸਿਕਤਾ ਦਾ ਉਨ੍ਹਾਂ ਵਿਚ ਉਕਾ ਹੀ ਨਾਂ ਨਹੀਂ ਹੁੰਦਾ। ਇਕ ਹੋਰ ਗੱਲ, ਅਜਿਹੇ ਅੰਕੜਿਆਂ ਵਿਚ ਜ਼ਿਆਦਾਤਰ ਪੁਨਰ ਜਨਮ ਉਸੇ ਹੀ ਇਲਾਕੇ ਵਿਚ ਹੋਇਆ ਦੱਸਿਆ ਜਾਂਦਾ ਹੈ। ਇਕ ਵੀ ਅਜਿਹੇ ਕੇਸ ਦਾ ਜ਼ਿਕਰ ਨਹੀਂ ਕੀਤਾ ਜਾਂਦਾ ਜਿਸ ਵਿਚ ਦੱਖਣੀ ਅਫਰੀਕਾ ਦੇ ਕਿਸੇ ਮਨੁੱਖ ਨੇ ਮਰਨ ਤੋਂ ਬਾਦ ਭਾਰਤ ਵਿਚ ਜਨਮ ਲਿਆ ਹੋਵੇ। ਤਾਂਕਿ ਉਸਦੇ ਸਰੀਰ ਤੇ ਬੋਲੀ ਤੋਂ ਇਹ ਅੰਦਾਜ਼ਾ ਲਾਇਆ ਜਾ ਸਕੇ ਕਿ ਇਸਨੇ ਪੁਨਰ ਜਨਮ ਲਿਆ ਹੈ। ਜੇ ਇਕ ਨੀਗਰੋ ਅੰਗਰੇਜ਼ ਦੇ ਘਰ ਪੁਨਰ ਜਨਮ ਲੈਂਦਾ ਹੈ ਤਾਂ ਉਸਦੇ ਰੰਗ ਰੂਪ ਨੂੰ ਵੇਖ ਕੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਪਹਿਲੇ ਜਨਮ ਵਿਚ ਨੀਗਰੋ ਸੀ। ਹਾਂ, ਸੰਪਾਦਕ ਦੇ ਕਹਿਣ ਅਨੁਸਾਰ ਇਹ ਬਿਲਕੁਲ ਸਹੀ ਹੈ। ਕਿਉਂਕਿ ਉਨ੍ਹਾਂ ਲਿਖਿਆ ਹੈ ਕਿ ਉਤਰ ਭਾਰਤ ਵਿਚ ਇਕ ਵਿਸ਼ਵਾਸ ਪ੍ਰਚਲਤ ਹੈ ਕਿ ਜੇ ਮਰੇ ਹੋਏ ਆਦਮੀ ਨੂੰ ਜਲਾਉਣ ਤੋਂ ਪਹਿਲਾਂ ਉਸਦੇ ਸਰੀਰ ਉਤੇ ਕੋਈ ਨਿਸ਼ਾਨ ਲਗਾ ਦਿੱਤਾ ਜਾਵੇ ਤਾਂ ਦੂਸਰੇ ਜਨਮ ਵਿਚ ਵੀ ਇਹ ਨਿਸ਼ਾਨ ਬਿਲਕੁਲ ਉਸੇ ਤਰ੍ਹਾਂ ਦਾ ਹੀ ਹੋਵੇਗਾ। ਇਸ ਨੂੰ ਵੀ ਉਨ੍ਹਾਂ ਠੀਕ ਹੀ ਦੱਸਿਆ ਹੈ। ਵਾਹ! ਸੰਪਾਦਕ ਜੀ ਵਾਹ! ਤੁਸੀ ਕਿੱਡੀ ਵੱਡੀ ਸਮੱਸਿਆ ਹੱਲ ਕਰ ਦਿੱਤੀ ਹੈ। ਹਰ ਆਦਮੀ ਦਾ ਕੋਈ ਨਾ ਕੋਈ ਪਿਆਰਾ ਸਬੰਧੀ ਵਿਛੜ (ਮਰ) ਹੀ ਜਾਂਦਾ ਹੈ। ਸੋ ਉਸ ਆਦਮੀ ਨੂੰ ਚਾਹੀਦਾ ਹੈ ਕਿ ਉਸਦੇ ਸਰੀਰ ਉਤੇ ਇਕ ਨਿਸ਼ਾਨ ਲਗਾ ਦੇਵੇ ਤੇ ਫਿਰ ਅਖਬਾਰ ਵਿਚ ਇਹ ਇਸ਼ਤਿਹਾਰ ਦੇ ਦੇਵੇ ਕਿ—ਮੇਰਾ ਪਿਆਰਾ ਪੁੱਤਰ ਜਿਸਦਾ ਰੰਗ ਸਾਂਵਲਾ ਹੈ, ਪੰਜਾਬੀ ਬੋਲਦਾ ਹੈ ਅਤੇ ਮੱਥੇ ਉਤੇ ਚਾਕੂ ਨਾਲ 'ਅ' ਲਿਖਿਆ ਹੋਇਆ ਹੈ, ਜਿਸ ਕਿਸੇ ਦੇ ਘਰ ਜਨਮ ਲਵੇ, ਕਿਰਪਾ ਕਰਕੇ ਇਸ ਪਤੇ ਤੇ ਇਤਲਾਹ ਦੇਵੇ...। ਸ਼ੁਕਰਾਨੇ ਵਜੋਂ ਕਿਰਾਏ ਭਾੜੇ ਤੋਂ ਇਲਾਵਾ 500/- ਰੁਪੈ ਦਿਤੇ ਜਾਣਗੇ।

ਇਕ ਹੋਰ ਗੱਲ ਸਮਝ ਤੋਂ ਬਾਹਰ ਹੈ। ਸੰਪਾਦਕ ਨੇ ਇਨੇ ਪੁਨਰ-ਜਨਮਾਂ ਦਾ ਜ਼ਿਕਰ ਕੀਤਾ ਹੈ ਪਰ ਕਿਸੇ ਨੇ ਵੀ ਇਹ ਦਾਵਾ ਨਹੀਂ ਕੀਤਾ ਕਿ ਉਹ ਆਪਣੇ ਪਹਿਲੇ ਜਨਮ ਵਿਚ ਸੀ.ਵੀ. ਰਮਨ, ਆਇਨਸਟਾਇਨ, ਲਿੰਕਨ, ਲੈਨਿਨ, ਕਾਰਲ ਮਾਰਕਸ ਜਾਂ ਮਹਾਤਮਾ ਗਾਂਧੀ ਸੀ। ਪਰ ਬੇਵਕੂਫੀ ਤਾਂ ਸਾਡੀ ਹੀ ਹੈ ਜੇ ਕਿਸੇ ਨੇ ਅਜਿਹਾ

ਦਾਵਾ ਨਹੀਂ ਕੀਤਾ, ਸਾਨੂੰ ਹੀ ਉਨ੍ਹਾਂ ਨੂੰ ਲੱਭਣਾ ਚਾਹੀਦਾ ਸੀ। ਉਨ੍ਹਾਂ ਦੇ ਸਰੀਰ ਤੇ ਕੋਈ ਨਿਸ਼ਾਨ ਲਗਾਉਂਦੇ ਤੇ ਫਿਰ ਦੇਸ਼ ਦਾ ਸਾਰਾ ਮੀਡੀਆ ਅਜਿਹੇ ਮਹਾਂ ਪੁਰਖਾਂ ਨੂੰ ਲੱਭਣ ਤੇ ਲਾ ਦਿੰਦੇ। ਤੁਸੀਂ ਜ਼ਰਾ ਕੁ ਸੋਚੋ ਜੇ ਆਇਨ-ਸਟਾਇਨ ਫਿਰ ਸਾਡੇ ਵਿਚ ਹੁੰਦੇ, ਕਾਰਲ ਮਾਰਕਸ ਕੋਈ ਨਵੀਂ ਵਿਆਖਿਆ ਕਰਦੇ। ਹੋ ਸਕਦਾ ਹੈ ਜੇ ਗਾਂਧੀ ਜੀ ਦੇ ਦੂਸਰੇ ਜਨਮ ਨੂੰ ਲੱਭ ਲੈਂਦੇ ਤਾਂ ਗੋਡਸੇ ਨੂੰ ਫਾਂਸੀ ਨਾ ਹੁੰਦੀ। ਉਨ੍ਹਾਂ ਕਹਿਣਾ ਸੀ—ਕਿਸੇ ਨੂੰ ਮਾਫ ਕਰਕੇ ਹੀ ਉਸਨੂੰ ਜਿੱਤਿਆ ਜਾ ਸਕਦਾ ਹੈ। ਸੋ ਇਸ ਨੂੰ ਛੱਡ ਦਿਓ। ਮੈਨੂੰ ਤਾਂ ਡਰ ਹੈ ਅਸੀਂ ਸ੍ਰੀਮਤੀ ਇੰਦਰਾ ਗਾਂਧੀ ਲਈ ਵੀ ਕੋਈ ਅਜਿਹੀ ਯੋਜਨਾ ਨਹੀਂ ਬਣਾਈ। ਭਾਰਤ ਵਰਗੇ ਦੇਸ਼ ਲਈ ਤਾਂ ਇਧਰ ਧਿਆਨ ਦੇਣਾ ਬਹੁਤ ਜ਼ਰੂਰੀ ਹੈ। ਇਥੇ ਮਸਾਂ ਤਾਂ ਕੋਈ ਚੰਗੇ ਵਿਚਾਰ ਲੈ ਕੇ ਜੰਮਦਾ ਹੈ ਜੇ ਅਸੀਂ ਉਸਦੇ ਦੂਜੇ ਜਨਮ ਤੋਂ ਵੀ ਫ਼ਾਇਦਾ ਨਾ ਉਠਾ ਸਕੀਏ ਤਾਂ ਲਾਹਨਤ ਆ ਸਾਡੇ ਤੇ।

ਸੰਪਾਦਕ ਨੇ ਵਿਗਿਆਨ ਦੇ ਘੇਰੇ ਵਿਚੋਂ ਆਤਮਾ ਨੂੰ ਵੀ ਬਚਾਉਣ ਦੀ ਕੋਸ਼ਿਸ਼ ਕੀਤੀ ਹੈ। ਆਤਮਾ ਬਾਰੇ ਪੁਰਾਤਨ ਵਿਚਾਰਧਾਰਾ ਲਿਖਣ ਤੋਂ ਬਾਦ ਉਨ੍ਹਾਂ ਲਿਖਿਆ ਹੈ ਕਿ ਮੌਤ ਸਮੇਂ ਦਿਮਾਗ ਵਿਚ ਜੋ ਵਿਚਾਰ ਅਤੇ ਸੋਚਾਂ ਹੁੰਦੇ ਹਨ ਉਹ ਉਸ ਤੋਂ ਬਾਦ ਆਤਮਾ ਤੇ ਪ੍ਰਭਾਵ ਪਾਉਂਦੇ ਰਹਿੰਦੇ ਹਨ। ਸੋ ਇਕ ਜਨਮ ਵਿਚ ਸਾਡੇ ਕੰਮ ਅਤੇ ਸਾਡੇ ਵਿਚਾਰ ਸਾਡੇ ਦੂਸਰੇ ਜਨਮ ਨੂੰ ਵੀ ਪ੍ਰਭਾਵਿਤ ਕਰਦੇ ਹਨ।

ਸੰਪਾਦਕ ਜੀ, ਮੌਤ ਤੋਂ ਬਾਦ ਜਦੋਂ ਸਰੀਰ ਨੂੰ ਜਲਾਇਆ ਜਾਂਦਾ ਹੈ ਤਾਂ ਇਸਦੇ ਨਾਲ ਹੀ ਦਿਮਾਗ ਦਾ, ਪੰਜ ਗਿਆਨ ਇੰਦਰੀਆਂ ਦਾ ਜਾਂ ਆਦਮੀ ਦੁਆਰਾ ਬਣਾਏ ਨਿਸ਼ਾਨਾਂ ਦਾ ਖਾਤਮਾ ਹੋ ਜਾਂਦਾ ਹੈ ਤੇ ਦਿਮਾਗ ਦੇ ਨਾਲ ਹੀ ਯਾਦ-ਦਾਸ਼ਤ ਵੀ ਖਤਮ ਹੋ ਜਾਂਦੀ ਹੈ। ਤਾਂ ਫਿਰ ਕਿਹੜੀ ਚੀਜ਼ ਹੈ ਜਿਹੜੀ ਇਕ ਸਰੀਰ ਵਿਚੋਂ ਦੂਜੇ ਸਰੀਰ ਵਿਚ ਜਾਂਦੀ ਹੈ। ਆਤਮਾ। ਆਤਮਾਂ ਕੀ ਹੈ? ਜੇ ਆਤਮਾ ਨੂੰ ਸੋਚ ਅਤੇ ਵਿਚਾਰ ਪ੍ਰਭਾਵਿਤ ਕਰ ਸਕਦੇ ਹਨ ਤਾ ਆਤਮਾ ਨੂੰ ਪੰਜੇ ਗਿਆਨ ਇੰਦਰੀਆਂ ਵਿਚੋਂ ਕਿਸੇ ਇਕ ਨਾਲ ਸਿੱਧੇ ਜਾਂ ਅਸਿੱਧੇ ਢੰਗ ਰਾਹੀਂ ਮਹਿਸੂਸ ਕੀਤਾ ਜਾਣਾ ਚਾਹੀਦਾ ਹੈ। ਬਿਲਕੁਲ ਉਸੇ ਤਰ੍ਹਾਂ, ਜਿਸ ਤਰਾਂ ਅਸੀਂ ਮੇਜ਼, ਕੁਰਸੀ, ਰੋਸ਼ਨੀ, ਅਵਾਜ਼, ਹਵਾ ਆਦਿ ਨੂੰ ਕਰਦੇ ਹਾਂ। ਸੋ ਮਰੇ ਹੋਏ ਮਨੁੱਖ ਚੋਂ ਹੋਰ ਪੈਦਾ ਹੋਏ ਬਚੇ ਵਿਚ ਕੁਝ ਨਹੀਂ ਜਾਂਦਾ।

ਸੰਪਾਦਕ ਜੀ, ਤੁਸੀਂ ਲੇਖ ਦਾ ਅੰਤ ਵੀ ਵਿਗਿਆਨ ਨੂੰ ਨੀਵਾਂ ਕਰਕੇ ਹੀ ਕੀਤਾ ਹੈ। ਤੁਸਾਂ ਲਿਖਿਆ ਹੈ ਕਿ ਵਿਗਿਆਨ ਨੇ ਇਸ ਵਿਸ਼ਵਾਸ ਨੂੰ ਅਸਾਨੀ ਨਾਲ ਨਹੀਂ ਮੰਨਣਾ, ਪਰ ਇਹੀ ਸਾਡੀ ਹੋਂਦ ਨੂੰ ਠੀਕ ਢੰਗ ਨਾਲ

ਕਵਿਤਾ : ਭੂਪਾਲ ਗੈਸ ਦੀ ਪੀੜ 'ਚ

## ਤੁਸੀਂ ਬੇਕਸੂਰ ਹੋ

**ਤਰਸੇਮ ਗੁਜਰਾਲ**

ਨ...ਨ ਤੁਹਾਡੇ ਤੇ ਕੋਈ ਇਲਜ਼ਾਮ ਨਹੀਂ
ਕਿਸਮਤ ਖਰਾਬ ਸੀ ਲੋਕਾਂ ਦੀ
ਜਿਹੜੇ ਕੀੜਿਆਂ ਦੀ ਮੌਤੇ
ਹਜ਼ਾਰਾਂ ਦੀ ਗਿਣਤੀ 'ਚ ਬੇਮੌਤ ਮਰੇ ਹਨ
ਹੋਣੀ ਨੂੰ ਕੌਣ ਟਾਲ ਸਕਦੈ

ਅਸੀਂ ਅਗਾਂਹ ਵਧਣੈ—ਕਿਵੇਂ ਵਧਣੈ
ਇਹਦਾ ਫੈਸਲਾ ਜਾਣਿਆਂ ਅਣਜਾਣਿਆਂ
ਤੁਸੀਂ ਕਰਦੇ ਹੋ
ਤੁਸੀਂ ਲਿਪਤ ਹੋ ਕੇ ਵੀ ਨਿਰਲੇਪ ਹੁੰਦੇ ਹੋ
ਨਿਰਲੇਪ ਹੋ ਕੇ ਵੀ ਲਿਪਤ

ਤੁਸੀਂ ਤਾਂ ਭਲਾ ਕਰਨਾ ਚਾਹੁੰਦੇ ਹੋ
ਪਰ ਹੁੰਦਾ ਬੁਰਾ ਹੈ
ਫੇਰ ਵਪਾਰ ਦਾ ਨਕਸ਼ ਤਾਂ ਸਿਰਫ ਮੁਨਾਫ਼ਾ ਹੁੰਦੈ
ਕਬਰਾਂ ਜਾਂ ਸਮਸ਼ਾਨ ਘਾਟਾਂ ਤੀਕਣ
ਪੁੱਜਦੇ ਰਸਤਿਆਂ ਬਾਰੇ ਸੋਚਣਾ ਨਹੀਂ
ਜਿਵੇਂ ਤੁਹਾਡੇ ਵਲੋਂ ਬਗੈਰ ਕੁਝ ਕੀਤਿਆਂ
ਪੂਰੇ ਦਾ ਪੂਰਾ ਸ਼ਹਿਰ ਗੈਸ ਚੈਂਬਰ 'ਚ ਬਦਲ ਗਿਆ
ਲੋਕ, ਸਰਦੀ ਦੀ ਅੱਧੀ ਰਾਤੀਂ ਰਜਾਈਆਂ 'ਚ ਵੜੇ ਲੋਕ
ਦਮੇ ਦੇ ਪੁਰਾਣੇ ਮਰੀਜ਼ ਵਾਂਗ ਤੜਫਣ ਲਗੇ
ਭੱਜ ਪਏ ਤੇ ਭੱਜ ਕੇ ਦਮ ਤੋੜਨ ਲਗੇ
ਰਸਤਿਆਂ 'ਚ, ਹਸਪਤਾਲਾਂ 'ਚ ਤੇ ਸੜਕ 'ਤੇ,
ਤੇ ਫੇਰ ਲਾਸ਼ਾਂ ਦਾ ਇਕ ਢੇਰ ਸਭ ਥਾਈਂ
ਮੌਤ ਦਾ ਇਕ ਕਾਲਾ ਪੰਜਾ ਜ਼ਿੰਦਗੀ ਕਿਤੇ ਨਹੀਂ
ਪਰ ਇਹਦੇ 'ਚ ਇਸ ਸ਼ਹਿਰ ਦੀ ਛਾਤੀ 'ਤੇ
ਕਰੋੜਾਂ ਰੁਪੈ ਦੇ ਪੱਥਰ ਨਾਲ ਸਾਹ ਘੁੱਟ ਦੇਣ 'ਚ
ਤੁਹਾਡਾ ਤਾਂ ਕੋਈ ਕਸੂਰ ਨਹੀਂ
(ਸਮਰੱਥ ਦਾ ਕੋਈ ਕਸੂਰ ਨਹੀਂ ਹੁੰਦਾ)
ਤੁਸੀਂ ਤਾਂ ਲਿਪਤ ਹੋ ਕੇ ਨਿਰਲੇਪ ਹੋ
ਤੇ ਨਿਰਲੇਪ ਹੋ ਕੇ ਲਿਪਤ
ਹੱਥਾਂ 'ਤੇ ਖ਼ੂਨ ਦਾ ਇਕ ਵੀ ਦਾਗ ਨਹੀਂ
ਨ ਮੱਥੇ ਤੇ ਕੋਈ ਕਾਲਖ

ਵਿਕਾਸਸ਼ੀਲ ਦੇਸ਼ਾਂ ਦੇ ਲੋਕ
ਆਦਮੀ ਦੇ ਦਰਜੇ 'ਚ ਨਹੀਂ ਆਉਂਦੇ
ਕੀੜੇ ਮਾਰ ਦਵਾ ਦੀ ਗੈਸ ਨਾਲ
ਕੀੜਿਆਂ ਦੀ ਮੌਤ ਮਾਰੇ ਜਾ ਸਕਦੇ ਹਨ
ਜਿਵੇਂ ਤੀਜੀ ਆਲਮੀ ਜੰਗ ਦੀ ਇਕ ਰਿਹਰਸਲ
ਮੌਤ ਦਾ ਕਾਲਾ ਪਰਦਾ ਡੇਗ ਕੇ
ਤੁਸੀਂ ਬੇਕਸੂਰ ਹੋ। ○

ਦੱਸਦਾ ਹੈ ਸੋ ਇਹ ਵਿਸ਼ਵਾਸ ਵਿਗਿਆਨ ਤੋਂ ਵੀ ਉਪਰ ਹੈ। ਕੁਝ ਇਸੇ ਤਰਾਂ ਗਾਂਧੀ ਜੀ ਨੇ ਵੀ ਕਿਹਾ ਸੀ— ਬੁੱਧੀ, ਪ੍ਰਮਾਤਮਾ ਨੂੰ ਜਾਣਨ 'ਚ ਅਸਮਰਥ ਹੈ। ਇਹ ਬੁੱਧੀ ਦੀ ਪਹੁੰਚ ਤੋਂ ਬਾਹਰ ਹੈ। ਸ਼ਰਧਾ ਇਸ ਲਈ ਬਹੁਤ ਜ਼ਰੂਰੀ ਹੈ। ਕੋਈ ਨਾਸਤਕ ਮੈਨੂੰ ਤਰਕ ਰਾਹੀਂ ਹਰਾ ਸਕਦਾ ਹੈ। ਪਰੰਤੂ ਮੇਰੀ ਸ਼ਰਧਾ, ਮੇਰੀ ਬੁੱਧੀ ਤੋਂ ਮਜ਼ਬੂਤ ਹੈ। ਸੋ ਇਸੇ ਕਾਰਨ ਮੈਂ ਇਸ ਸੰਸਾਰ ਨੂੰ ਲਲਕਾਰ ਕੇ ਕਹਿ ਸਕਦਾ ਹਾਂ ਕਿ ਪ੍ਰਮਾਤਮਾ ਹੈ, ਪ੍ਰਮਾਤਮਾ ਸੀ ਤੇ ਪ੍ਰਮਾਤਮਾ ਰਹੇਗਾ।

ਜਿਸ ਤਰਾਂ ਮੈਂ ਪਹਿਲਾਂ ਵੀ ਲਿਖਿਆ ਹੈ ਕਿ ਵਿਗਿਆਨ ਤਾਂ ਪਰਖਣ ਦਾ ਹੀ ਦੂਜਾ ਨਾਂ ਹੈ। ਬਿਨਾਂ ਪਰਖੇ ਵਿਗਿਆਨ ਕਿਸੇ ਗੱਲ ਨੂੰ ਨਹੀਂ ਮੰਨਦਾ। ਵਿਗਿਆਨ ਦੀ ਡਿਕਸ਼ਨਰੀ ਵਿਚ ਸ਼ਰਧਾ ਜਾਂ ਵਿਸ਼ਵਾਸ ਨਾਂ ਦਾ ਕੋਈ ਅੱਖਰ ਨਹੀਂ। ਹਾਂ ਬੁੱਧੀ ਤੇ ਇਹ ਜ਼ਰੂਰ ਨਿਰਭਰ ਹੈ। ਪਰ ਅੱਜ ਤੱਕ ਵਿਗਿਆਨਕ ਮਾਨਸਕਤਾ ਵਾਲੇ (ਸਿਰਫ਼ ਵਿਗਿਆਨਕ ਨਹੀਂ) ਜਿਹੜੇ ਵੀ ਲੋਕਾਂ ਨੇ ਪੁਨਰ ਜਨਮ ਅਤੇ ਆਤਮਾ ਨੂੰ ਪਰਖਿਆ ਹੈ, ਇਸ ਦੀ ਹੋਂਦ ਨੂੰ ਨਕਾਰਿਆ ਹੀ ਹੈ। ਦੋ ਸ਼ਤਾਬਦੀਆਂ ਪਹਿਲਾਂ ਡਾ. ਕਾਵੂਰ ਨੇ ਖੁਲ੍ਹੀ ਚੁਣੌਤੀ ਦਿੱਤੀ ਸੀ ਕਿ ਪੁਨਰਜਨਮ ਅਤੇ ਆਤਮਾ ਦੀ ਹੋਂਦ ਨੂੰ ਸਿੱਧ ਕਰਨ ਵਾਲੇ ਨੂੰ ਉਹ ਇਕ ਲੱਖ ਰੁਪਏ ਦੇਣਗੇ। ਪਰ ਇਹ ਚੁਣੌਤੀ, ਉਨ੍ਹਾਂ ਦੇ ਮਰਨ ਤਕ ਕਿਸੇ ਨੇ ਵੀ ਕਬੂਲ ਨਹੀਂ ਸੀ ਕੀਤੀ।

'ਉਨਾਂ ਦਾ ਸੰਦੇਸ਼ ਲੈ ਕੇ, ਦੀ ਰੇਸ਼ਨਾਲਸਟ ਸੋਸਾਇਟੀ ਪੰਜਾਬ, ਬਰਨਾਲਾ ਨੇ ਵੀ ਅਜਿਹੇ ਆਦਮੀ ਲਈ 10,000/- ਰੁਪਏ ਦਾ ਇਨਾਮ ਰਖਿਆ ਹੈ। ਜਿਹੜਾ ਧੋਖਾ ਨਾ ਦੇਣ ਦੀਆਂ ਹਾਲਤਾਂ ਵਿਚ ਸਿਰਫ਼ ਪੁਨਰਜਨਮ ਕਰਕੇ, ਕੋਈ ਬਾਹਰਲੇ ਦੇਸ਼ ਦੀ ਭਾਸ਼ਾ ਬੋਲ ਸਕੇ ਜਾਂ ਆਤਮਾ ਨੂੰ ਇਨ੍ਹਾਂ ਦੇ ਸਾਹਮਣੇ ਪੇਸ਼ ਕਰ ਸਕੇ ਤਾਂ ਜੋ ਇਸਦੀ ਫੋਟੋ ਖਿੱਚੀ ਜਾ ਸਕੇ। ਸੰਪਾਦਕ ਅਤੇ ਇਸ ਤਰ੍ਹਾਂ ਦੀ ਹੀ ਵਿਚਾਰਧਾਰਾ ਵਾਲੇ ਹੋਰਨਾਂ ਲੋਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਨਾਲ ਜ਼ਰੂਰ ਸੰਪਰਕ ਸਥਾਪਿਤ ਕਰਨ।

—ਅਨੁਰਾਗ ਅਰੋਹੀ

---

ਦੋ ਕਵਿਤਾਵਾਂ : **ਗੁਰਜੀਤ**

## ਵੰਗਾਰ

[ਖ਼ੂਨੀ-ਲੋਟੂ ਨਿਜ਼ਾਮ ਦੇ ਨਾਂ...ਲੋਕ ਘੋਲ ਵੱਲੋਂ]

ਮੈਂ
ਤੇਰੇ ਜ਼ਲੀਲ ਇਤਿਹਾਸ 'ਚੋਂ ਜਨਮਿਆ
ਕੋਈ ਸੁਪਨਈ ਗੀਤ ਨਹੀਂ
ਕਿ ਤੇਰੀ ਸੁਰਮਈ ਸ਼ਾਮ ਦੀ ਰੌਣਕ ਬਣ ਸਕਾਂ
ਨਾ ਹੀ ਰੁਮਕਦੀ ਹਵਾ ਦਾ ਕੋਈ ਬੁੱਲਾਂ
ਕਿ ਤੇਰੀ ਹਵਸ ਦੇ ਪਸੀਨੇ ਨੂੰ ਸੋਖ ਲਾਂ
ਤੇ ਨਾ ਹੀ ਤੇਰੀਆਂ ਜ਼ਲੀਲ ਪੈੜਾਂ ਦੀ
ਕਾਲੀਨ ਹਾਂ ਮਖ਼ਮਲੀ
ਕਿ ਤੇਰੀ ਕਾਤਲ ਹੋਂਦ 'ਤੇ
ਬਣਕੇ ਪਰਦਾ ਫੈਲ ਜਾਂ

ਸ਼ਹੀਦਾਂ ਦੀ ਸੱਥ 'ਚੋਂ ਉਪਜੀ ਅੱਗ ਹਾਂ ਮੈਂ
ਤੇਰੇ ਵਹਿਸ਼ੀ ਚਲਨ ਨੂੰ ਸਾੜਨ ਲਈ
ਉਨ੍ਹਾਂ ਦੇ ਸੁਪਨਿਆਂ ਦੀ ਆਵਾਜ਼ ਹਾਂ ਮੈਂ
ਇਨਕਲਾਬ ਦਾ ਪਰਚਮ ਲਹਿਰਾਵਣ ਲਈ
ਤੂਫ਼ਾਨੀ ਵਾਵਰੋਲਾ ਹਾਂ ਤੇਰੀ ਹਸਤੀ ਉਖਾੜਨ ਲਈ

ਸਾਡੇ ਹੀ ਜਿਸਮ ਤੇ ਸਦਾ, ਸਾਡਾ ਲਹੂ ਤੂੰ ਛਿੜਕਿਆ
ਨਾ ਕੋਈ ਰੋਈ ਹੈ ਧਰਤੀ, ਨਾ ਅੰਬਰ ਹੀ ਥਿੜਕਿਆ
ਅੱਜ ਉਠਿਆ ਹਾਂ ਮਨੁੱਖਤਾ ਨੂੰ ਜੀਣਾ ਸਿਖਾਣ ਲਈ
'ਦਿੱਲੀ' ਮੈਂ ਆ ਰਿਹਾਂ, ਸੁੱਤੀ ਖ਼ਲਕਤ ਜਗਾਣ ਲਈ
ਮਨੁੱਖਤਾ ਦੇ ਵੈਰੀ, ਹੋਂਦ ਤੇਰੀ ਮਿਟਾਣ ਲਈ।

o

## ਅਸੀਂ ਲੜਾਂਗੇ ਓ ਸਾਥੀ,...

[ਪਾਸ਼ ਦੇ ਨਾਂ ਬਨਾਮ ਹੱਕ ਸੱਚ ਲਈ ਉਠ ਰਹੇ ਰੋਹ 'ਤੇ]

ਪੂਰਬ ਦੀ ਸੱਥ 'ਚੋਂ
ਮੈਂ ਜ਼ੁਲਮ ਦੇ ਹਨੇਰਿਆਂ 'ਚ
ਰੋਹ-ਦੀਪ ਜਗਦਾ ਤੱਕਿਆ
ਪਰਬਤਾਂ ਨੂੰ ਚੀਰਦੀ ਇਕ ਕਿਰਨ ਫੁੱਟੀ ਏ
ਆਸ ਏ ਬੱਸ ਚਿਣਗ ਦੇ
ਅੰਗਿਆਰਿਆਂ 'ਚ ਢਲਣ ਦੀ

ਹੈਰਾਨ ਹਾਂ ਕਿ ਜਜ਼ਬਿਆਂ ਕੁਰਬਾਨੀਆਂ ਦੇ ਦੇਸ਼ ਵਿਚ
ਦਨਦਨਾਉਂਦੀ ਫਿਰ ਰਹੀ
ਕਿਉਂ ਲੁੱਟ ਆਦਮ-ਭੇਸ ਵਿਚ
ਇਨਸਾਨੀਅਤ ਕਿਉਂ ਰਹਿ ਗਈ
ਭੁੱਖ ਤੇ ਨੰਗ ਹੰਢਾਣ ਨੂੰ
ਕਕਰੀਲੀਆਂ ਰਾਤਾਂ ਦੇ ਵਿਚ ਠਰ ਠਰ ਮਰ ਜਾਣ ਨੂੰ
ਅਸੀਂ ਨਹੀਂ ਆ ਸਾਥੀਆ ਮੌਤ ਤੇ ਮੌਤ ਹੰਢਾਣ ਨੂੰ

ਕਸਮ ਹੈ ਸਾਨੂੰ ਦੋਸਤਾ ਗ਼ਦਰੀ ਪਰਵਾਨਿਆਂ ਦੀ
ਲਹੂ ਦਾ ਇਕ ਕਤਰਾ ਵੀ ਜਦ ਤੱਕ
ਹੈ ਜਿਸਮ 'ਚ ਬਾਕੀ
ਅਸੀਂ ਲੜਾਂਗੇ ਓ ਸਾਥੀ—ਸੀਸ ਧਰ ਤਲੀ 'ਤੇ
ਅਸੀਂ ਮਰਾਂਗੇ ਓ ਸਾਥੀ—ਹੱਕ ਸੱਚ ਦੀ ਗਲੀ 'ਤੇ
"ਫੇਰ ਨਾ ਉਹ ਹੋਣਗੇ ਹਥੌੜੇ
ਨਾ ਉਦਾਸ ਅਹਿਰਨ"
ਫ਼ੌਲਾਦੀ ਹੱਥ ਦੇਣਗੇ
ਜ਼ੁਲਮ ਦੀ ਹਿੱਕ ਤੇ ਦਸਤਕ।

o

ਕਾਵਿ-ਗਾਥਾ

## ਪੰਜੋ ਰਫਿਊਜਣ

### ਮਿੰਦਰਪਾਲ ਭੱਠਲ

ਦਰਅਸਲ ਉਸਦਾ ਨਾਂ ਪੰਜਾਬ ਕੁਰ ਸੀ।
ਜਦੋਂ ਉਹ ਪਾਰਬਤੀ ਤੇ ਨੂਰਾ ਨਾਲ ਰਲਕੇ
ਲੰਮੀ ਹੇਕ ਲਾਉਂਦੀ
ਜਾਂ ਗਿੱਧੇ ਵਿਚ ਧਮਾਲ ਪਾਉਂਦੀ
ਕਾਬਲ ਕੰਧਾਰ ਤੱਕ ਧਰਤੀ ਧਮਕਦੀ
ਮਹਾਂਰਾਣੀ ਵਿਕਟੋਰੀਆ ਦੇ ਦਰਬਾਰ 'ਚ
ਸ਼ਕਾਇਤਾਂ ਜੁੜਦੀਆਂ।
ਜਦੋਂ ਉਹ ਤੜਕਸਾਰ ਦੁੱਧ ਰਿੜਕਦੀ
ਰਿੜਕੀ ਜਾਂਦੀ ਹਿੱਕ ਜ਼ੈਲਦਾਰ ਦੀ
ਜਦੋਂ ਉਹ ਖੇਤਾਂ ਵਿਚੋਂ ਭੱਤਾ ਦੇ ਕੇ ਪਰਤਦੀ
ਪਰੇਡ ਕਰਦੇ ਫੌਜੀਆਂ ਨੂੰ ਉਹਦੀ ਤੋਰ ਰੜਕਦੀ।
—ਇਕ ਬਰਸਾਤ ਦੀ ਰਾਤ—
ਜਦੋਂ ਉਹ ਅਖਬਾਰਾਂ ਦੀਆਂ ਮੁੱਖ ਸੁਰਖੀਆਂ ਜਿੱਡੇ ਜਿੱਡੇ
ਚੋਏ ਮੁੰਦਣ ਲਈ ਕੋਠੇ ਤੇ ਚੜ੍ਹੀ
ਤਾਂ ਬੱਦਲ ਵਾਂਗ ਗੱਜਦੀ ਅੱਲਾ-ਹੂ-ਅਕਬਰ ਦੀ ਅਵਾਜ਼
ਉਹਦੇ ਝੁਮਕਿਆਂ ਨੂੰ ਪਾਸੇ ਕਰ, ਕੰਨਾਂ 'ਚ ਆਣ ਵੜੀ
ਬਿਜਲੀ ਦੀ ਕੜਕ ਤੋਂ ਡਰਕੇ ਦਰਖ਼ਤ ਹੇਠ ਛੁਪੇ ਹੋਏ
ਮਾਲੀ ਦੇ ਵਾਂਗ
ਉਹ ਆਪਣੇ ਪਤੀ ਦੇ ਸਿਰਹਾਣੇ ਜਾ ਖੜ੍ਹੀ।
ਬੱਸ ਫਿਰ ਕੀ ਸੀ—
ਨਾ ਉੱਥੇ ਗਿੱਧਿਆਂ ਦਾ ਧਮਾਲ ਸੀ
ਨਾ ਚਾਟੀਆਂ ਦਾ ਛਲਾਲ ਸੀ
ਨਾ ਹੇਕਾਂ ਦਾ ਮਲ੍ਹਾਲ ਸੀ
ਜਾਂ ਅੱਲਾ-ਹੂ-ਅਕਬਰ ਸੀ
ਜਾਂ ਸਤਿ ਸ੍ਰੀ ਅਕਾਲ ਸੀ।
—ਦਰਵਾਜ਼ਾ ਖੁਲ੍ਹਦੇ ਹੀ ਉਹਦੇ ਸੰਦੂਰ 'ਚ ਲਿਬੜ ਗਈ
ਮਿ. ਜਿਨਾਹ ਦੀ ਤਾਜ਼ੀ ਤਕਰੀਰ
ਗਲੀ ਵਿਚ ਨੂਰਾਂ ਦਾ ਵੱਢਿਆ ਪਿਆ ਸਿਰ ਦਾ ਸਾਈਂ
ਬੱਦਲਾਂ ਚੋਂ ਲੱਭ ਰਿਹਾ ਸੀ ਮਾ. ਤਾਰਾ ਸਿੰਘ ਦੀ ਤਸਵੀਰ
ਹੁਣ ਉਹ ਪੰਜਾਬ ਕੁਰ ਨਹੀਂ
ਸਿਰਫ ਪੰਜਾਬੋ ਰਹਿ ਗਈ ਸੀ
ਤੇ ਘਰ ਬਾਰ ਛੱਡ ਜਾ ਬਟੇਰ 'ਚ ਸਹੀ ਸੀ।
ਉਹਦੇ ਪੇਟ ਅੰਦਰਲਾ ਬੱਚਾ
ਤਿੰਨ ਦਿਨ ਹੱਥ ਬੰਨ੍ਹੀ ਬੈਠਾ ਰਿਹਾ
ਬਦਲ ਬਦਲ ਕੇ ਆ ਰਹੇ ਬਲਾਤਕਾਰੀਆਂ ਸਾਹਮਣੇ
—'ਕਿਉਂ ਆਦਮੀ ਦੇ ਪੁੱਤੋ—
ਜੇ ਇਹਦਾ ਨਹੀਂ ਤਾਂ ਮੇਰਾ ਤਾਂ ਤਰਸ ਕਰੋ।'
ਪਰ ਉਸ ਘੜੀ ਆਦਮੀ ਦਾ ਪੁੱਤਰ ਕੋਈ ਨਹੀਂ ਸੀ
ਸਭ ਸ਼ੈਤਾਨ ਹੀ ਸ਼ੈਤਾਨ ਸਨ
ਹਿੰਦੂ ਸਨ, ਸਿੱਖ ਸਨ ਜਾਂ ਮੁਸਲਮਾਨ ਸਨ।
—ਜਿਹਲਮ ਤੋਂ ਵੱਡੀ ਲਹੂ ਦੀ ਚਰਘਲ ਟੱਪਕੇ
ਕੁਝ ਦਿਹਾੜੇ ਰਿਫਿਊਜੀ ਕੈਂਪਾਂ ਦੇ ਵਿਚ ਕੱਟਕੇ
ਉਹ ਸਾਡੇ ਪਿੰਡੋਂ ਉਜਾੜੇ ਤੇਲੀਆਂ ਦੇ
ਕੋਠੇ 'ਚ ਆ ਵੱਸੀ ਸੀ
ਇਹ ਕਹਾਣੀ ਉਹਨੇ ਮੈਨੂੰ ਕਈ ਵਾਰ ਦੱਸੀ ਸੀ।
ਉਹ ਕੱਤਦੀ, ਤੁੰਗਦੀ, ਵਗਾਰਾਂ ਕਰਦੀ;
ਬਿਗਾਨੇ ਖੇਤੀਂ ਰੋਜ਼ ਹੱਡੀਆਂ ਗਾਲਦੀ।
ਪਰ ਜਵਾਨ ਹੋ ਰਹੇ ਕਰਤਾਰੇ ਪੁੱਤ ਨੂੰ
ਸ਼ੌਂਕ ਨਾਲ ਪਾਲਦੀ।
—ਕਰਤਾਰਾ ਪੁੱਤਰ ਪਲ ਗਿਆ
ਡਰਾਇਵਰਾਂ ਨਾਲ ਰਲ ਗਿਆ
ਕੋਈ ਕਹੇ ਚੰਗਾ ਰਿਹਾ
ਕੋਈ ਕਹੇ ਗਲ ਗਿਆ।
ਫਿਰ ਚਿਰਾਂ ਬਾਅਦ ਆਈ ਚਿੱਠੀ ਪੁੱਤ ਦੀ
ਮਾਂ ਮੈਂ ਬੜੀ ਸੁਹਣੀ ਗੱਡੀ ਚਲਾਂਦਾ ਹਾਂ
ਚਾਰ ਪੈਸੇ ਵੀ ਬਚਾਂਦਾ ਹਾਂ
ਥੋੜੇ ਚਿਰ ਨੂੰ ਘਰ ਆਵਾਂਗਾ
ਪਹਿਲਾਂ ਪੱਕਾ ਘਰ ਪਾਵਾਂਗਾ
ਫਿਰ ਵਿਆਹ ਕਰਾਵਾਂਗਾ
ਚਿੱਠੀ ਸੁਣ ਉਹ ਘਰ ਘਰ ਗੁਆਂਢੀਆਂ ਨੂੰ ਦੱਸਦੀ
ਇਨ੍ਹੀਂ ਦਿਨੀਂ ਉਹ ਖੁਲ੍ਹ ਖੁਲ੍ਹ ਕੇ ਹੱਸਦੀ
—ਫਿਰ ਚੱਲੀਆਂ ਕੁਝ ਹਵਾਵਾਂ ਐਸੀਆਂ
ਉਦਾਂ ਦੀ ਹੀ ਗੰਧ ਨਾਲ ਲੱਦੀਆਂ
ਲਾਇਲਪੁਰ ਵਿਚ ਸੁੰਘੀ ਸੀ ਜਿਸਤਰਾਂ।
ਦਿਨ ਦਿਨ ਭਰ ਉਹ ਗਲੀਆਂ 'ਚੋਂ ਖਬਰਾਂ ਸੁੰਘਦੀ
ਰਾਤ ਰਾਤ ਭਰ ਉੱਠ ਉੱਠ ਸੁਪਨੇ ਦੇਖਦੀ
ਸੁਪਨਿਆਂ 'ਚ ਬੜੇ ਕੁਲੈਹਣੇ ਹਾਦਸੇ
ਨੇਜ਼ਿਆਂ ਤੇ ਟੰਗੇ ਨਿਕੇ ਬਾਲਕੇ
ਧੌਣਾਂ ਵੱਢੀਆਂ ਵਾਲੇ ਸੋਹਣੇ ਗੱਭਰੂ
ਕਪੜੇ ਪੜਵਾਈ ਫਿਰਦੀਆਂ ਤੀਵੀਆਂ
ਵਸਦੇ ਰਸਦੇ ਘਰਾਂ 'ਚੋਂ ਲਬੂ ਨਿਕਲਦੇ
ਭੂਤ ਬਣਕੇ ਜਿਨਾਹ ਤੇ ਤਾਰਾ ਸਿੰਘ ਹੁਰੀਂ
ਭਾਂਤ-ਸੁ-ਭਾਂਤੇ ਲੀਡਰ ਬਣ ਬਣ ਧਮਕਦੇ
ਤੜਕਸਾਰ ਉਹ ਉਠਕੇ ਸੁਪਨੇ ਰਿੜਕਦੀ
ਨਾਲ ਨਾਲ ਲੈਂਦੀ ਫਿਰਦੀ ਵਿੜਕ ਵੀ।
—ਇਕ ਸਵੇਰ ਇਹ ਸੁਪਨਾ ਨਹੀਂ ਸੱਚ ਸੀ
ਕਰਤਾਰੇ ਜਿਹੀ ਆਵਾਜ਼ ਹੋਕਰਾ ਮਾਰਿਆ
ਮਾਂ ਪੰਜਾਬੋ ਉੱਠ ਦਰਵਾਜ਼ਾ ਖੋਲ੍ਹਿਆ

ਬਾਹਰੋਂ ਆਉਣ ਵਾਲਾ ਪ੍ਰਛਾਵਾਂ ਬੋਲਿਆ—
ਬੇਬੇ ਤੇਰਾ ਕਰਤਾਰਾ ਮਰ ਗਿਆ।
ਅੱਗ ਲੱਗੇ ਟਰੱਕ ਵਿਚ ਹੀ ਸੜ ਗਿਆ।
ਗੁੰਡਾਗਰਦੀ ਨੱਚਦੀ ਰਹੀ ਸੜਕ ਤੇ
ਕਾਨੂੰਨ ਤਮਾਸ਼ਾ ਦੇਖਣ ਦੇ ਲਈ ਖੜ੍ਹ ਗਿਆ।
ਜੰਗ ਹੁੰਦੀ ਲੜਦੇ ਅਸੀਂ ਰੱਜਕੇ
ਪਰ ਇਹ ਤਾਂ ਕੋਈ ਫਰੇਬੀਆਂ ਦਾ
ਘੜਿਆ ਘੜਾਇਆ ਢੰਗ ਸੀ।
ਸਾਡੇ ਕੋਲੋ ਸਾਡਾ ਸਾਂਝਾ ਖੂਨ ਸੀ
ਸਾਡੇ ਕੋਲੋ ਹੁਕਮਰਾਨਾਂ ਦਾ ਰੰਗ ਸੀ
ਬਾਰੀਂ ਬਰਸੀਂ ਘਰਾਂ ਤੋਂ ਜੋ ਖੱਟਣ ਤੁਰੇ
ਹੋਰ ਬਥੇਰੇ ਮਾਂ ਜਾਏ ਨਾ ਘਰ ਮੁੜੇ।
—ਮਾਂ ਪੰਜਾਬੋ ਕੰਧਾਂ ਚ ਟੱਕਰਾਂ ਮਾਰੀਆਂ
ਤਾਰੇ ਛੁਪ ਗਏ ਸੁਣਕੇ ਕਿਲਕਾਰੀਆਂ
ਸਿੱਜਲ ਅੱਖਾਂ ਲੈ ਕੇ ਆਈਆਂ ਗੁਆਂਢਣਾਂ
ਮੋਮ ਵਾਂਗੂੰ ਪਘਰੀ ਮਮਤਾ ਬੋਲਦੀ
'ਭੈਣੋ! ਮੈਨੂੰ ਹੁਣ ਪੰਜਾਬੋ ਨਾ ਕਹੋ
ਅੱਜ ਤੋਂ ਮੈਂ ਸਿਰਫ 'ਪੰਜੋ' ਰਹਿ ਗਈ।'
ਪਿਛਲੀ ਉਮਰੇ ਪਿਛਲਾ 'ਬੱਬਾ' ਰਾਜਧਾਨੀ ਲੈ ਗਈ
—ਅੱਖੀਆਂ 'ਚੋ ਇੰਨਾ ਪਾਣੀ ਵਹਿ ਗਿਆ
ਦਿਸਦਾ ਨਹੀਂ ਕੌਣ ਹਿੰਦੂ, ਕੌਣ ਸਿੱਖ
ਤੇ ਕੌਣ ਮਸਲਮਾਨ ਹੈ।
ਧਰਤੀ ਵੀ ਭਾਰ ਝੱਲਣੋ ਹੱਟ ਗਈ
ਸਮਝ ਨਹੀ ਇਥੇ ਹੁਣ ਕਿਹੜਾ ਪਾਕਿਸਤਾਨ ਹੈ,
ਤੇ ਕਿਹੜਾ ਹਿੰਦੋਸਤਾਨ ਹੈ।
ਕਰ ਸਕੋ ਤਾਂ, ਮੇਰੇ ਲਈ ਇੰਨਾ ਹੀ ਬੱਸ ਕਰ ਦਿਉ
ਸ਼ੈਤਾਨ ਦੀ ਉਸ ਟੂਟੀ ਦਾ ਜ਼ੱਰਾ ਕੁ ਪਤਾ ਕਰ ਦਿਓ
ਜਿਸ ਚੋਂ ਵਹਿੰਦੇ ਖਾਰ ਨੇ ਮੈਨੂੰ ਲੂਣ ਵਾਂਗ ਖੋਰ ਕੇ,
ਪੰਜਾਬ ਕੁਰ ਤੋਂ ਪੰਜੋ ਬਣਾ ਕੇ ਰੱਖਿਆ
ਦੋ ਪੁਸ਼ਤਾਂ ਦਾ ਲਹੂ, ਪਾਣੀ ਵਾਂਗ ਵਹਾਕੇ ਰੱਖਿਆ
ਫਿਰ ਮੈਂ ਜਾਣਾਂ ਸੋ ਮੈਂ ਜਾਣਾਂ
ਫਿਰ ਮੈਂ ਜਾਣਾਂ ਸੋ ਮੈਂ ਜਾਣਾਂ

ਪਿੰਡ 'ਚ ਗੱਲ ਫੈਲ ਗਈ ਹੈ
ਕਿ ਪੰਜੋ ਰਫਿਊਜਣ ਪਾਗਲ ਹੋ ਗਈ ਹੈ। o

---

## ਪੰਲਸ ਮੰਚ ਵਲੋਂ

## ਦੇਸ ਭਗਤ ਯਾਦਗਾਰ ਹਾਲ ਵਿਚ ਕਰਵਾਇਆ ਗਿਆ ਸਭਿਆਚਾਰਕ ਸਮਾਗਮ

26 ਜਨਵਰੀ 1985 ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਪੰਜਾਬ ਲੋਕ ਸਭਿਆਚਾਰਕ ਮੰਚ ਵਲੋਂ ਇਕ ਵਿਸ਼ਾਲ ਸਾਹਿਤ-ਸਭਿਆਚਾਰਕ ਸਮਾਗਮ ਕਰਵਾਇਆ ਗਿਆ। ਪੰਜਾਬ ਦੇ ਲੋਕ-ਪੱਖੀ ਸਾਹਿਤ-ਸਭਿਆਚਾਰ ਦੇ ਇਤਿਹਾਸ ਅੰਦਰ ਇਹ ਆਪਣੀ ਕਿਸਮ ਦਾ ਪਹਿਲਾ ਸਮਾਗਮ ਕਿਹਾ ਜਾ ਸਕਦਾ ਹੈ। ਸਮੁੱਚੇ ਪ੍ਰਬੰਧ ਅਤੇ ਪੇਸ਼ਕਾਰੀ ਦੇ ਪੱਖ ਤੋਂ ਇਹ ਇਕ ਅਜਿਹਾ ਯਾਦਗਾਰੀ ਸਮਾਗਮ ਸੀ ਜਿਸਨੂੰ ਪੰਜਾਬ ਦੇ ਲੇਖਕ, ਕਲਾਕਾਰ ਅਤੇ ਬੁਧੀਜੀਵੀ ਬਹੁਤ ਸਮੇਂ ਤੱਕ ਯਾਦ ਕਰਦੇ ਰਹਿਣਗੇ। ਇਸ ਸਮਾਗਮ ਦੀ ਇਕ ਹੋਰ ਵਿਸ਼ੇਸ਼ ਖੂਬੀ ਇਹ ਸੀ ਕਿ ਭਿੰਨ ਭਿੰਨ ਗਰੁਪਾਂ ਵਿਚ ਵੰਡੇ ਹੋਏ ਕਮਿਊਨਿਸਟ ਇਨਕਲਾਬੀ ਆਪਣੇ ਛੋਟੇ ਮੋਟੇ ਮਤਭੇਦਾਂ ਨੂੰ ਛੱਡ ਕੇ ਇਕ ਥਾਂ ਇਕੱਠੇ ਹੋਏ—ਪੰਜਾਬ ਵਿਚ ਲੋਕ-ਪੱਖੀ ਸਭਿਆਚਾਰਕ ਲਹਿਰ ਉਸਾਰਨ ਲਈ ਇਹ ਸੱਚਮੁੱਚ ਹੀ ਇਕ ਸ਼ੁਭ ਸ਼ਗਨ ਹੈ। ਪ ਲ ਸ ਮੰਚ ਦੀ ਤਾਂ ਇਹ ਸ਼ੁਰੂ ਤੋਂ ਹੀ ਨੀਤੀ ਰਹੀ ਹੈ ਕਿ ਪੰਜਾਬ ਵਿਚ ਸਾਰੇ ਦੇ ਸਾਰੇ ਕਮਿਊਨਿਸਟ ਅਤੇ ਅਗਾਂਹਵਧੂ ਸੋਚ ਵਾਲੇ ਲੋਕ ਆਪਣੇ ਛੋਟੇ ਛੋਟੇ ਮਤ-ਭੇਦ ਭੁਲਾਉਂਦੇ ਹੋਏ ਘਟੋ ਘੱਟ ਇਕ ਸਾਂਝੇ ਸਭਿਆਚਾਰਕ ਫਰੰਟ ਤੇ ਜ਼ਰੂਰ ਇਕੱਠੇ ਹੋਣ—ਪੰਜਾਬ ਵਿਚ ਜਮਹੂਰੀ ਲਹਿਰ ਉਸਾਰਨ ਦੀ ਤਾਂ ਹੀ ਕੋਈ ਗੱਲ ਅਗਾਂਹ ਤੁਰ ਸਕਦੀ ਹੈ। ਇਹ ਸਮਾਰੋਹ ਬੁਨਿਆਦੀ ਤੌਰ ਤੇ ਤਿੰਨ ਹਿਸਿਆਂ ਵਿਚ ਵੰਡ ਕੇ ਪੇਸ਼ ਕੀਤਾ ਗਿਆ ਸੀ—ਸਭ ਤੋਂ ਪਹਿਲਾ ਗੀਤ ਸਮਾਗਮ ਸੀ, ਉਸਤੋਂ ਬਾਅਦ ਕਵੀ ਦਰਬਾਰ ਅਤੇ ਅਖੀਰ ਵਿਚ ਰਾਤ ਨਾਟਕ ਸਮਾਗਮ ਪੇਸ਼ ਕੀਤਾ ਗਿਆ ਜੋ ਕਿ ਰਾਤ ਦੇ ਲਗਭਗ 9 ਵਜੇ ਤੋਂ ਸ਼ੁਰੂ ਹੋ ਕੇ ਸਵੇਰੇ 6 ਵਜੇ ਤੱਕ ਲਗਾਤਾਰ ਚਲਦਾ ਰਿਹਾ।

ਗੀਤ ਸਮਾਗਮ ਅਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਐਕਸ਼ਨ ਗੀਤ ਦੇ ਰੂਪ ਵਿਚ ਤਿਆਰ ਕੀਤੇ ਗਏ ਅੰਤਰਰਾਸ਼ਟਰੀ ਨਾਲ ਸ਼ੁਰੂ ਹੋਇਆ। ਨਾਟਕੀ ਰੂਪ ਵਿਚ ਪੇਸ਼ ਕੀਤਾ ਗਿਆ ਇਹ ਗੀਤ ਇਕ ਵਾਰ ਤਾਂ ਦਰਸ਼ਕਾਂ ਦੀ ਚੇਤਨਾ ਨੂੰ ਹਲੂਣ ਗਿਆ। ਇਸ ਐਕਸ਼ਨ ਗੀਤ ਵਿਚ ਹਿੱਸਾ ਲੈਣ ਵਾਲੇ ਕਲਾਕਾਰਾਂ ਦੀ ਪੋਸ਼ਾਕ ਵੀ ਮਜ਼ਦੂਰਾਂ ਕਿਸਾਨਾਂ ਵਾਲੀ ਹੁੰਦੀ ਤਾਂ ਹੋਰ ਵੀ ਵਧੀਆ ਪ੍ਰਭਾਵ ਪੈਣਾ ਸੀ। ਇਹਦੇ ਨਾਲ ਹੀ ਇਕ ਹੋਰ ਐਕਸ਼ਨ ਗੀਤ 'ਹੋਕਾ' ਪੇਸ਼ ਕੀਤਾ ਗਿਆ—ਇਹ ਗੀਤ ਵੀ ਇਕ ਕਮਾਲ ਦੀ ਪੇਸ਼ਕਾਰੀ ਸੀ। ਇਨ੍ਹਾਂ ਗੀਤਾਂ ਤੋਂ ਬਾਅਦ ਪੰਜਾਬ ਨਾਟਕ ਕਲਾ ਕੇਂਦਰ ਵਲੋਂ ਦੋ ਗੀਤ ਸਮੂਹਕ ਰੂਪ ਵਿਚ ਪੇਸ਼ ਕੀਤੇ ਗਏ। ਗੀਤ ਕੁਝ ਇਸ ਤਰ੍ਹਾਂ ਸਨ:
'ਰਾਜਗੁਰੂ ਭਗਤ ਸਿੰਘ ਦੇਸ਼ ਤੋਂ ਜਿੰਦੜੀ ਵਾਰ ਗਏ...'
ਇਹਦੇ ਨਾਲ ਹੀ 'ਦਿੱਲੀ ਦੀ ਹਕੂਮਤੇ ਨੀਂ ਲੋਕਾਂ ਦੀਏ ਵੈਰਨੇ—'

ਇਸ ਗੀਤ ਸਮਾਗਮ ਦੀ ਪੰਜਵੀਂ ਪੇਸ਼ਕਾਰੀ ਮਜ਼ਦੂਰ ਆਗੂ ਅਤੇ ਇਨਕਲਾਬੀ ਸ਼ਾਇਰ ਸਵਰਗੀ ਜਗਮੋਹਣ ਜੋਸ਼ੀ ਦਾ ਗੀਤ 'ਹਮ ਜੰਗੇ ਆਵਾਮੀ ਸੇ ਕੁਹਰਾਮ ਮਚਾ ਦੇਂਗੇ' ਐਕਸ਼ਨ ਗੀਤ ਦੇ ਰੂਪ ਵਿਚ ਪੇਸ਼ ਕੀਤਾ ਗਿਆ। ਵਿਸ਼ੇ ਅਤੇ ਪੇਸ਼ਕਾਰੀ ਦੇ ਪੱਖ ਤੋਂ ਇਹ ਗੀਤ ਸਮਾਗਮ ਦਾ ਇਕ ਯਾਦਗਾਰੀ ਪ੍ਰਾਪਤੀ ਸੀ। ਇਸ ਗੀਤ ਦੇ ਹਰ ਬੋਲ ਵਿਚ ਮਿਹਨਤਕਸ਼ ਸ਼ਰੇਣੀ ਦੀ ਹੱਕੀ ਆਵਾਜ਼ ਨੂੰ ਜੋਸ਼ ਅਤੇ ਰੋਹ ਦੀਆਂ ਸਿਖਰਾਂ ਛੋਂਹਦਿਆਂ ਦਿਖਾਇਆ ਗਿਆ ਹੈ। ਮਿਹਨਤੀ ਲੋਕਾਂ ਦੇ ਲੁਟੇਰੀ ਸ਼ਰੇਣੀ ਵਿਰੁਧ ਗੁੱਸੇ ਅਤੇ ਰੋਹ ਨੂੰ ਇਵੇਂ ਠਾਠਾਂ ਮਾਰਦਿਆਂ ਆਪਣੇ ਅਸਲੀ ਕਲਾਤਮਕ ਅੰਦਾਜ਼ ਵਿਚ ਕਦੇ ਘਟ ਹੀ ਪੇਸ਼ ਕੀਤਾ ਗਿਆ ਹੈ। ਇਸ ਲਾਸਾਨੀ ਪੇਸ਼ਕਾਰੀ ਲਈ ਅਮ੍ਰਿਤਸਰ ਨਾਟਕ ਕਲਾ ਕੇਂਦਰ ਵਧਾਈ ਦਾ ਪਾਤਰ ਹੈ। ਇਸ ਤੋਂ ਬਾਅਦ ਕਰਮ ਸਿੰਘ ਪੱਡਾ ਅਤੇ ਲੋਕ ਨਾਟਕ ਕਲਾ ਕੇਂਦਰ ਦਾ ਸਮੂਹ ਗਾਨ, ਮੁਖਤਿਆਰ ਜ਼ਫਰ, ਵੇਰਕਾ ਨਾਟਕ ਕਲਾ ਕੇਂਦਰ ਦੇ ਸਮੂਹ ਗੀਤ, ਕਵੀਸ਼ਰੀ ਅਤੇ ਗੀਤ ਵੀ ਆਪਣੀ ਆਪਣੀ ਥਾਂ ਵਧੀਆ ਸਨ। ਇਨ੍ਹਾਂ ਗੀਤਾਂ ਤੋਂ ਬਾਅਦ ਅਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਪਾਸ਼ ਦਾ ਗੀਤ 'ਕੱਖਾਂ ਦੀਏ ਕੁਲੀਏ ਪਹਾੜ ਬਣ ਜਾਈਂ....' ਐਕਸ਼ਨ ਗੀਤ ਦੇ ਰੂਪ ਵਿਚ ਬਹੁਤ ਪ੍ਰਭਾਵਸ਼ਾਲੀ ਸੀ। ਇਸਤੋਂ ਬਾਅਦ ਪਰਮਜੀਤ ਚਕ ਦੇਸਰਾਜ ਨੇ ਸਾਜ਼ਾਂ ਨਾਲ ਆਪਣਾ ਗੀਤ 'ਅੱਜ ਸਮਾਂ ਤੈਨੂੰ ਰਿਹਾ ਲਲਕਾਰ ਦਿੱਲੀਏ' ਪੇਸ਼ ਕੀਤਾ ਗਿਆ। ਪੰਜਾਬ ਨਾਟਕ ਕਲਾ ਕੇਂਦਰ, ਮਹਿਲ ਸਿੰਘ ਤੇ ਸਾਥੀ ਅਤੇ ਹਰੀ ਸਿੰਘ ਤਰੱਕ ਵਲੋਂ ਇਨਕਲਾਬੀ ਗੀਤ ਪੇਸ਼ ਕਰਨ ਤੋਂ ਪਿਛੋਂ ਅਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਇਕ ਹੋਰ ਗੀਤ 'ਜੜ੍ਹਾਂ ਵਾਲਿਓ ਜੜ੍ਹ ਪੁੱਟ ਚਲੀ, ਜੜ੍ਹ ਦੀ ਕਰੋ ਪਛਾਣ' ਐਕਸ਼ਨ ਗੀਤ ਦੇ ਰੂਪ ਵਿਚ ਪੇਸ਼ ਕੀਤਾ ਗਿਆ। ਮੰਗੀ ਅਤੇ ਮੇਜਰ ਬਾਲਦ ਕਲਾਂ ਦੇ ਗੀਤ ਵੀ ਵਧੀਆ ਸਨ। ਇਨ੍ਹਾਂ ਗੀਤਾਂ ਤੋਂ ਬਾਅਦ ਅਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਸਾਥੀ ਜਗਮੋਹਣ ਜੋਸ਼ੀ ਦਾ ਇਨਕਲਾਬੀ ਗੀਤ 'ਐ ਲਾਲ ਫਰੇਰੇ ਤੇਰੀ ਕਸਮ—ਇਸੇ ਖੂਨ ਕਾ ਬਦਲਾ ਹਮ ਲੇਂਗੇ' ਐਕਸ਼ਨ ਗੀਤ ਦੇ ਰੂਪ ਵਿਚ ਪੇਸ਼ ਕੀਤਾ ਗਿਆ—ਇਹ ਗੀਤ ਵੀ ਇਸ ਸਮਾਗਮ ਦੀ ਇਕ ਬੰਬ ਪੇਸ਼ਕਾਰੀ (Bombastic performance) ਸੀ ਜੋ ਦਰਸ਼ਕਾਂ ਦੇ ਜੋਸ਼ ਨੂੰ ਵੀ ਗਰਮਾ ਗਿਆ। ਇਸ ਯਾਦਗਾਰੀ ਗੀਤ ਵਿਚ ਵੀ ਕਿਰਤੀ ਸ਼ਰੇਣੀ ਅੰਦਰ ਸਦੀਆਂ ਤੋਂ ਦਬੇ ਹੋਏ ਰੋਹ ਅਤੇ ਹੱਕ ਦੀ ਆਵਾਜ਼ ਨੂੰ ਪੂਰੀ ਧੜੱਲੇਦਾਰੀ ਨਾਲ ਪੇਸ਼ ਕੀਤਾ ਗਿਆ ਸੀ। ਇਨ੍ਹਾਂ ਗੀਤਾਂ ਤੋਂ ਇਲਾਵਾ ਨੇਪਾਲ ਤੋਂ ਆਈ ਗੀਤ ਮੰਡਲੀ ਨੇ ਵੀ ਨੇਪਾਲੀ ਭਾਸ਼ਾ ਵਿਚ ਇਕ ਸਮੂਹ ਗਾਨ ਪੇਸ਼ ਕੀਤਾ। ਇਸ ਗੀਤ ਸਮਾਗਮ ਵਿਚ ਦੋ ਲੜਕੀਆਂ ਨੇ ਵੀ ਇਨਕਲਾਬੀ ਗੀਤ ਪੇਸ਼ ਕੀਤੇ ਸਨ।

ਗੀਤ ਸਮਾਗਮ ਤੋਂ ਬਾਅਦ ਕਵੀ ਦਰਬਾਰ ਵਿਚ ਹੇਠ ਲਿਖੇ ਕਵੀਆਂ ਨੇ ਆਪਣਾ ਆਪਣਾ ਕਲਾਮ ਪੇਸ਼ ਕੀਤਾ :

ਹਰਭਜਨ ਹੁੰਦਲ, ਪਾਸ਼, ਸੰਤੋਖ ਸਿੰਘ ਸੰਤੋਖ, ਮਿੰਦਰਪਾਲ ਭੱਠਲ ਪਰਮਜੀਤ ਦੇਹਲ, ਜਗੀਰ ਕਾਹਲੋਂ, ਪ੍ਰੋ. ਹਮਦਰਦਵੀਰ, ਨਵਕਿਰਨ, ਅਜਮੇਰ ਗਿੱਲ, ਸੁਰਜੀਤ ਬਰਾੜ, ਗੁਰਬਖਸ਼ ਜੱਸ, ਸਵੀਤੋਜ, ਸੰਤ ਸੰਧੂ, ਜੈਦੇਵ ਦਿਲਬਰ, ਜੈਮਲ ਪੱਡਾ, ਡਾ. ਜੀਵਨਜੋਤ ਕੌਰ, ਨਰਿੰਦਰ ਸਿੰਘ, ਸੁਰਿੰਦਰ ਗਿੱਲ, ਦੀਦਾਰ ਸ਼ੇਤਰਾ, ਹਰੀ ਸਿੰਘ ਤਰਕ, ਤਰਲੋਚਨ, ਜੋਰਾ ਸਿੰਘ ਨਸਰਾਲੀ, ਮੁਖਤਿਆਰ ਜ਼ਫਰ, ਸੁਰਜੀਤ ਗਾਮੀ, ਸੋਹਣ ਢੰਡ, ਮੇਜਰ ਬਾਲਦ ਕਲਾਂ, ਨਵਤੇਜ ਗੜ੍ਹਦੀਵਾਲਾ, ਮਹੇਸ਼ ਇੰਦਰ ਸਿੰਘ, ਸੁਰਜੀਤ ਅਰਮਾਨੀ, ਚੰਨਣ ਸਿੰਘ ਗੁਰਦਾਸਪੁਰੀ, ਬੂਟਾ ਸਿੰਘ, ਸੁਰਜੀਤ ਕਾਫਰ, ਸੁਨੀਲ ਸ਼ਰਮਾ, ਜੋਗੇ, ਸੁਰਪਤ ਸਿੰਘ, ਮਨਜੀਤ ਕਾਦਰ, ਸੁਭਾਸ਼ ਚੰਦਰ, ਹਰਬੰਸ ਸਿੰਘ 'ਮਸਤ', ਜੈ ਕ੍ਰਿਸ਼ਨ ਸ਼ਰਮਾ, ਮੁਖਤਿਆਰ ਸਿੰਘ, ਗੁਰਮੇਲ ਖੋਟੇ ਆਦਿ।

**ਨਾਟਕ ਸਮਾਗਮ :—**

ਇਸ ਸਭਿਆਚਾਰਕ ਸਮਾਗਮ ਵਿਚ ਬਹੁਤੀਆਂ ਪੇਸ਼ਕਾਰੀਆਂ ਵਿਚ ਮਜ਼ਦੂਰ ਜਮਾਤ ਦੀ ਵਿਚਾਰਧਾਰਾ ਦਾ ਉਚੇਰਾ ਕਲਾਤਮ ਮਿਆਰ ਸਾਫ਼ ਝਲਕਦਾ ਨਜ਼ਰ ਆਉਂਦਾ ਸੀ। ਇਸੇ ਤਰ੍ਹਾਂ ਪਲਸ ਮੰਚ ਵਲੋਂ ਰਾਤ ਨੂੰ ਪੇਸ਼ ਕੀਤਾ ਗਿਆ ਨਾਟਕ ਸਮਾਗਮ ਸਰਕਾਰੀ ਸੰਚਾਰ ਰੇਡੀਓ ਅਤੇ ਟੈਲੀਵਿਯਨ ਰਾਹੀਂ ਪੇਸ਼ ਕੀਤੇ ਜਾਂਦੇ ਸਾਰੇ ਨਾਟਕਾਂ ਨੂੰ ਮਾਤ ਪਾ ਗਿਆ। ਇਹ ਨਾਟਕ ਸਮਾਗਮ ਅਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਪੇਸ਼ ਕੀਤੇ ਐਕਸ਼ਨ ਗੀਤ 'ਅੰਤਰਰਾਸ਼ਟਰੀ' (ਮਜ਼ਦੂਰਾਂ ਦੇ ਅੰਤਰਰਾਸ਼ਟਰੀ ਗੀਤ) ਨਾਲ ਸ਼ੁਰੂ ਹੋਇਆ। ਨਾਟਕ ਸਮਾਗਮ ਦੇ ਸਾਰੇ ਨਾਟਕਾਂ ਦਾ ਜਾਇਜ਼ਾ ਲਿਆ ਜਾਵੇ ਤਾਂ ਸਮੁਚੇ ਰੂਪ ਵਿਚ ਇਹ ਨਾਟਕ ਸਮਾਗਮ ਇਕ ਯਾਦਗਾਰੀ ਪ੍ਰਾਪਤੀ ਕਹੀ ਜਾ ਸਕਦੀ ਹੈ ਪਰੰਤੂ ਫੇਰ ਵੀ ਕੁਝ ਨਾਟਕ ਅਜੇਹੇ ਸਨ ਜੋ ਪਲਸ ਮੰਚ ਦੇ ਦਰਸ਼ਕਾਂ ਦੀ ਸੋਚ ਪੱਧਰ ਅਤੇ ਰੁਚੀਆਂ ਦੇ ਅਨੁਕੂਲ ਨਹੀਂ ਸਨ।

ਇਸ ਸਮਾਗਮ ਦਾ ਸਭ ਤੋਂ ਪਹਿਲਾ ਨਾਟਕ 'ਲਕੀਰਾਂ' ਹੀ ਲੈ ਲਵੋ—ਇਹ ਨਾਟਕ ਦੇ ਕੇਂਦਰੀ ਭਾਵ ਅਤੇ ਵਿਸ਼ੇ ਬਾਰੇ ਕਿਸੇ ਨੂੰ ਕੋਈ ਕਿੰਤੂ ਨਹੀਂ ਹੋ ਸਕਦਾ—ਇਸ ਨਾਟਕ ਦਾ ਮੰਤਵ ਸਮਾਜ ਵਿਚ ਫਿਰਕੂ ਏਕਤਾ ਅਤੇ ਧਾਰਮਿਕ ਸਹਿਣਸ਼ੀਲਤਾ ਸੀ। ਨਿਰਦੇਸ਼ਕ ਵਲੋਂ ਨਾਟਕ ਦੇ ਕੇਂਦਰੀ ਭਾਵ ਨੂੰ ਲਗਾਤਾਰ ਲਮਕਾਇਆ ਜਾਣ ਕਰਕੇ ਅਸਲੀ ਭਾਵ ਦਰਸ਼ਕਾਂ ਤਕ ਪੁਜ ਨਹੀਂ ਸਕਿਆ। ਧਾਰਮਕ ਜਨੂੰਨ ਅਤੇ ਫਿਰਕਾਪ੍ਰਸਤੀ ਦੁਆਰਾ ਪੈਦਾ ਹੋਈ ਵਹਿਸ਼ਤ ਨੂੰ ਇਹ ਨਾਟਕ ਨੰਗਾ ਕਰਨ ਵਾਲੇ ਇਸ ਨਾਟਕ

ਵਿਚ ਕਲਾਕਾਰ ਆਪਣੀ ਕਲਾ ਦੇ ਪੱਖ ਨੂੰ ਉਭਾਰਨ ਦੇ ਭੁਲੇਖੇ ਵਿਚ ਨਾਟਕ ਦੇ ਅਸਲੀ ਵਿਸ਼ੇ ਨੂੰ ਅਣਗੌਲਿਆ ਕਰ ਗਏ ਅਤੇ ਦਰਸ਼ਕ ਕਈ ਵਾਰ ਅਕੇਵਾਂ ਮਹਿਸੂਸ ਕਰਦੇ ਰਹੇ। ਨਾਟਕ ਵਿਚ ਸ਼ੈਲੀ ਐਨੀ ਸੰਕੇਤਕ ਨਹੀਂ ਹੋਣੀ ਚਾਹੀਦੀ ਜੇ ਨਾਟਕਕਾਰ ਚਾਹੁੰਦਾ ਹੈ ਕਿ ਦਰਸ਼ਕਾਂ ਤੇ ਪੂਰਾ ਪ੍ਰਭਾਵ ਪਵੇ। ਇਸ ਨਾਟਕ ਤੋਂ ਬਾਅਦ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਆਪਣੀ ਯਾਦ-ਗਾਰੀ ਪੇਸ਼ਕਾਰੀ ਪ੍ਰੋ. ਦੀਦਾਰ ਸਿੰਘ ਦੁਆਰਾ ਲਿਖਤ 'ਭਗਤ ਸਿੰਘ ਦੀ ਵਾਰ' ਤੇ ਆਧਾਰਤ ਕਾਵਿ-ਨਾਟ 'ਮੈਂ ਨਾਸਤਿਕ ਕਿਉਂ ਹਾਂ' ਪੇਸ਼ ਕੀਤਾ ਗਿਆ। ਇਸ ਨਾਟਕ ਵਿਚ ਧਰਮ ਅਤੇ ਸਮਾਜ ਦੇ ਠੇਕੇਦਾਰਾਂ ਨੂੰ ਭਗਤ ਸਿੰਘ ਦੇ ਤਰਕਵਾਦੀ ਵਿਚਾਰਾਂ ਸਾਹਮਣੇ ਲਾਜਵਾਬ ਹੁੰਦਿਆਂ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਦਿਖਾਇਆ ਗਿਆ। ਇਸ ਤੋਂ ਬਾਅਦ ਕਲਾ ਮੰਚ ਮਾਨਸਾ (ਸੁਰਜੀਤ ਗਾਮੀ) ਵਲੋਂ ਆਤਮਜੀਤ ਦਾ ਨਾਟਕ 'ਅੰਨ੍ਹੇ ਕਾਣੇ' ਪੇਸ਼ ਕੀਤਾ ਗਿਆ। ਕੰਗਾਲੀ ਅਤੇ ਜਹਾਲਤ ਵਿਚ ਭਟਕ ਰਹੇ ਅਗਿਆਨੀ ਅਤੇ ਅਨਪੜ੍ਹ ਲੋਕਾਂ ਨੂੰ ਚੇਤਨਾ ਦੀ ਚਿੰਗਾਰੀ ਦਿਖਾਉਣ ਵਾਲਾ ਇਹ ਵਧੀਆ ਨਾਟਕ ਹੈ। ਨਿਰਦੇਸ਼ਕ ਨੇ ਇਹ ਨਾਟਕ ਤਿਆਰ ਕਰਨ ਵਿਚ ਕਾਫੀ ਮਿਹਨਤ ਕੀਤੀ ਜਾਪਦੀ ਹੈ। ਪਰ ਨਿਰਦੇਸ਼ਕ ਦੀ ਇਹ ਤਕਨੀਕੀ ਗਲਤੀ ਅਖੀਰ ਤਕ ਦਰਸ਼ਕਾਂ ਨੂੰ ਖਟਕਦੀ ਰਹੀ ਕਿ ਨਾਟਕ ਵਿਚ ਸਾਰੇ ਦੇ ਸਾਰੇ ਕਾਮੇ ਪਾਤਰ ਅੰਨ੍ਹੇ ਦਿਖਾਏ ਗਏ ਹਨ—ਪਾਤਰਾਂ ਨੂੰ ਅੰਨ੍ਹੇ ਦਿਖਾਉਣ ਲਈ ਨਿਰਦੇਸ਼ਕ ਨੂੰ ਸਮਾਂ ਅਤੇ ਸਥਿਤੀ ਦਾ ਖਿਆਲ ਰੱਖਣਾ ਚਾਹੀਦਾ ਸੀ। ਸੂਤਰ-ਧਾਰ (ਉਪਦੇਸ਼ਕ) ਦੀ ਵਾਰਤਾਲਾਪ ਵੀ ਵਧੇਰੇ ਗੰਭੀਰ ਅਤੇ ਪ੍ਰਭਾਵਸ਼ਾਲੀ ਹੋਣਾ ਚਾਹੀਦਾ ਸੀ। ਇਸ ਨਾਟਕ ਤੋਂ ਬਾਅਦ ਖਾਲਸਾ ਕਾਲਜ ਸਕੂਲ ਵਲੋਂ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਵਿਚ ਪੇਸ਼ ਕੀਤਾ ਗਿਆ ਐਕਸ਼ਨ ਗੀਤ 'ਗਦਰ ਗੂੰਜ' ਵੀ ਬਹੁਤ ਸ਼ਾਨਦਾਰ ਸੀ।

ਲਾਇਲਪੁਰ ਖਾਲਸਾ ਕਾਲਜ ਵਲੋਂ ਪੇਸ਼ ਕੀਤਾ ਗਿਆ ਨਾਟਕ 'ਸਾਢੇ ਤਿੰਨ ਲੱਤਾਂ ਵਾਲਾ ਮੇਜ਼' ਇਕ ਐਬਸਰਡ (ਊਲ ਜਲੂਲ) ਜਿਸ ਵਿਚ ਪੂੰਜੀਵਾਦੀ ਯੁਗ ਦੇ ਸਮਾਜਕ ਜੀਵਨ ਦੇ ਬੇਤੁਕੇਪਨ ਅਤੇ ਦਿਸ਼ਾਹੀਣਤਾ ਨੂੰ ਪ੍ਰਗਟਾਉਣ ਦੀ ਕੋਸ਼ਸ਼ ਕੀਤੀ ਗਈ ਸੀ। ਇਹ ਐਬਸਰਡ ਨਾਟਕ ਆਮ ਦਰਸ਼ਕਾਂ ਖਾਸ ਕਰਕੇ ਖੁਲ੍ਹੇ ਮੰਚ ਦੇ ਦਰਸ਼ਕਾਂ ਦੇ ਪੱਧਰ ਦਾ ਨਹੀਂ ਸੀ—ਅਜੇਹੇ ਨਾਟਕ ਅਸਲ ਵਿਚ 'ਕਲਾ ਲਈ ਕਲਾ' ਦੇ ਸਿਧਾਂਤ ਦਾ ਹੀ ਪੱਖ ਪੂਰਦੇ ਹਨ। ਖੁਲ੍ਹੇ ਮੰਚ ਦੇ ਦਰਸ਼ਕ ਤਾਂ ਕਲਾ ਵਿਚੋਂ ਜ਼ਿੰਦਗੀ ਬਾਰੇ ਕੁਝ ਠੋਸ ਅਤੇ ਸਥੂਲ ਤਤ ਲੱਭਣ ਆਉਂਦੇ ਹਨ—ਇਸੇ ਲਈ ਜਿਹੜੇ ਲੋਕ ਕਲਾ ਵਿਚੋਂ ਕੁਝ ਲੱਭਣ ਆਏ ਸਨ ਉਨ੍ਹਾਂ ਨੂੰ ਤਾਂ ਇਸ ਨਾਟਕ ਵਿਚੋਂ ਨਿਰਾਸ਼ਾ ਅਤੇ ਅਰਥਹੀਣਤਾ ਤੋਂ ਸਿਵਾ ਕੁਝ ਨਾ ਮਿਲਿਆ। ਅਗਾਂਹ ਤੋਂ ਅਜੇਹੇ ਐਬਸਰਡ ਨਾਟਕ ਖੁਲ੍ਹੇ ਮੰਚ ਦੀ ਸਟੇਜ ਤੇ ਨਹੀਂ ਲਿਆਉਣੇ ਚਾਹੀਦੇ। ਰਾਤ ਦੇ ਇਸ ਨਾਟਕ ਸਮਾਗਮ ਵਿਚ ਇਕ ਹੋਰ ਬਹੁਤ ਜ਼ੋਰਦਾਰ ਅਤੇ ਪ੍ਰਭਾਵਸ਼ਾਲੀ ਪੇਸ਼ਕਾਰੀ ਸੀ ਪੰਜਾਬ ਨਾਟਕ ਕਲਾ ਕੇਂਦਰ ਵਲੋਂ ਪੇਸ਼ ਕੀਤਾ ਗਿਆ ਨਾਟਕ 'ਔਰੰਗਜ਼ੇਬ ਅਜੇ ਮਰਿਆ ਨਹੀਂ—।' ਅਰਸਤੂ ਨੇ ਕਿਸੇ ਸਫਲ ਦੁਖਾਂਤ—ਨਾਟਕ ਦੇ ਦੋ ਵਿਸ਼ੇਸ਼ ਲੱਛਣ ਦੱਸੇ ਹਨ ਡਰ ਤੇ ਸੰਵੇਦਨਾ—ਇਹ ਦੋਨੋਂ ਲੱਛਣ ਇਸ ਨਾਟਕ ਵਿਚ ਬਾਖੂਬੀ ਪ੍ਰਗਟਾਏ ਗਏ ਹਨ। ਸਮਕਾਲੀ ਸਮਾਜਕ ਯਥਾਰਥ ਨੂੰ ਪ੍ਰਗਟਾਉਣ ਵਾਲਾ ਇਹ ਇਕ ਅਜੇਹਾ ਸਰਵ-ਪਖੀ ਨਾਟਕ ਸੀ ਜਿਸ ਵਿਚ—ਮੌਜੂਦਾ ਵਿਸਫੋਟਕ ਹਾਲਤਾਂ ਪੈਦਾ ਕਰਨ ਵਾਲੇ ਧਾਰਮਕ ਜਨੂੰਨੀਆਂ, ਸਰਕਾਰ ਅਤੇ ਵਿਦੇਸ਼ੀ ਏਜੰਸੀਆਂ ਦੀ ਸਾਂਝੀ ਸਾਜ਼ਸ਼, ਅਤੇ ਕੋਝੀ ਸਿਆਸਤ ਬੇਕਿਰਕੀ ਨਾਲ ਨੰਗਿਆਂ ਕਰਨ ਦੀ ਜੁਰਅਤ ਕੀਤੀ ਗਈ ਹੈ। ਇਸ ਨਾਟਕ ਵਿਚ ਅਣਮਨੁੱਖੀ ਫਿਰਕੂ ਪਾੜੇ, ਬੇਗੁਨਾਹਾਂ ਦੇ ਕਤਲੇਆਮ ਅਤੇ ਭਿਆਨਕ ਤਬਾਹੀ ਦੇ ਜ਼ੁੰਮੇਦਾਰ ਧਾਰਮਕ ਜਨੂੰਨੀਆਂ ਅਤੇ ਸਰਕਾਰ ਦਾ ਘਿਨਾਉਣਾ ਚਰਿਤਰ ਦਿਖਾਇਆ ਗਿਆ ਹੈ। ਸੋ ਇਹ ਨਾਟਕ ਇਸ ਸਮਾਗਮ ਦੀ ਇਕ ਯਾਦਗਾਰੀ ਪੇਸ਼ਕਾਰੀ ਸੀ ਜਿਸਨੂੰ ਦਰਸ਼ਕ ਬਹੁਤ ਲੰਮੇ ਅਰਸੇ ਤਕ ਯਾਦ ਰਖਣਗੇ।

ਇਸਤੋਂ ਬਾਅਦ ਲੋਹੀਆਂ ਨਾਟਕ ਕਲਾ ਕੇਂਦਰ ਵਲੋਂ 'ਹਵਾਈ ਗੋਲੇ' ਨਾਟਕ ਪੇਸ਼ ਕੀਤਾ ਗਿਆ। ਇਸ ਤੋਂ ਬਾਅਦ 'ਦੋ ਅਪੀਲੀ' ਸਕਿਟ ਕੋਈ ਖਾਸ ਪ੍ਰਭਾਵ ਨਹੀਂ ਪਾ ਸਕੀ। ਨੰਗਲ ਰੰਗ ਮੰਚ ਵਲੋਂ ਪੇਸ਼ ਕੀਤਾ ਗਿਆ ਨਾਟਕ 'ਨੰਗਾ ਸੱਚ ਚੋਰਾਹੇ ਖੜਾ' ਵੀ ਧਾਰਮਕ ਜਨੂੰਨ ਨੂੰ ਹੀ ਨੰਗਾ ਕਰਦਾ ਹੈ। ਵੇਰਕਾ ਨਾਟਕ ਕਲਾ ਕੇਂਦਰ ਵਲੋਂ 'ਝੰਡਾ ਲਹੂ ਰੱਤਾ' ਐਕਸ਼ਨ ਗੀਤ ਦੇ ਰੂਪ ਵਿਚ ਪੇਸ਼ ਕੀਤਾ ਗਿਆ। ਪੰਜਾਬੀ ਨਾਟਕ ਕਲਾ ਕੇਂਦਰ ਵਲੋਂ ਪੇਸ਼ ਕੀਤੀ ਗਈ ਮੰਗਤੀ ਕਵਿਤਾ ਦਾ ਨਾਟਕੀ ਰੂਪਾਂਤਰਣ ਵੀ ਵਧੀਆ ਸੀ। ਇਸਤੋਂ ਬਾਅਦ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਇਕ ਹੋਰ ਪ੍ਰਭਾਵਸ਼ਾਲੀ ਪੇਸ਼ਕਾਰੀ ਸੀ 'ਗਦਰਾਂ ਬਿਨੁ ਮੁਲਕ ਆਜ਼ਾਦ ਨਹੀਂ ਹੁੰਦੇ। ਲੋਕ ਕਲਾ ਮੰਚ ਮਾਛੀਵਾੜਾ ਵਲੋਂ ਪੇਸ਼ ਕੀਤੇ ਗਏ ਨਾਟਕ 'ਤਮਾਸ਼ਾ ਹਿੰਦੁ-ਸਤਾਨ ਵਿਚ ਸਮਕਾਲੀ ਸਮਾਜਕ ਜੀਵਨ ਦੇ ਹਰ ਖੇਤਰ ਵਿਚ ਫੈਲੇ ਹੋਏ ਵਿਆਪਕ ਭ੍ਰਿਸ਼ਟਚਾਰ ਲੁਟ ਅਤੇ ਬੇ-ਇਨਸਾਫੀ ਨੂੰ ਨੰਗਿਆਂ ਕੀਤਾ ਗਿਆ ਹੈ। 'ਬੋਬਾ ਬੋਲਦੀ ਹੈ' ਇਸ ਨਾਟਕ ਸਮਾਗਮ ਦਾ ਆਖਰੀ ਨਾਟਕ ਸੀ ਜੋ 'ਅੰਮ੍ਰਿਤਸਰ ਨਾਟਕ ਕਲਾ ਕੇਂਦਰ' ਵਲੋਂ ਪੇਸ਼ ਕੀਤਾ ਗਿਆ ਸੀ। ਇਸ ਸੰਵੇਦਨਾ ਅਤੇ ਭਾਵੁਕਤਾ ਭਰਪੂਰ ਨਾਟਕ ਵਿਚ ਭਾਰਤ ਦੀ ਲੁਟੇਰੀ ਹਕੂਮਤ ਦੀਆਂ ਲੋਕ-ਵਿਰੋਧੀ

ਨੀਤੀਆਂ ਦੇ ਕਾਰਣ ਜਨ ਸਾਧਾਰਣ ਵਲੋਂ 1947 ਤੋਂ ਲੈਕੇ ਹੁਣ ਤਕ ਹੰਢਾਏ ਗਏ ਸੰਤਾਪ ਅਤੇ ਕਸ਼ਮਕਸ਼ ਨੂੰ ਪ੍ਰਗਟਾਇਆ ਗਿਆ ਹੈ। ਧਰਮ ਨਿਰਪਖਤਾ ਦਾ ਲੇਬਲ ਲਾਕੇ ਲੋਕਾ ਵਿਚ ਫਿਰਕੂ ਦੰਗੇ ਕਰਵਾਉਣੇ ਆਪਸੀ ਫੁਟ ਨੂੰ ਵਧਾ ਕੇ ਰਾਜ ਸੱਤਾ ਤੇ ਕਾਠੀ ਪਾਈ ਰਖਣਾ ਸਾਡੇ ਦੇਸ਼ ਦੀਆਂ ਹਾਕਮ ਜਮਾਤਾਂ ਦਾ ਖਾਸਾ ਰਿਹਾ ਹੈ—ਸੋ ਸਮਾਜ ਦਾ ਘਿਨਾਉਣਾ ਯਥਾਰਥ ਇਸ ਨਾਟਕ ਵਿਚ ਪੇਸ਼ ਹੈ। ਇਨਕਲਾਬੀ ਸ਼ਾਇਰ ਜਗਮੋਹਣ ਜੋਸ਼ੀ ਦੇ ਇਨਕਲਾਬੀ ਗੀਤ 'ਹਮ ਜੰਗੇ ਆਵਾਮੀ ਸੇ ਕੁਹਰਾਮ ਮਚਾ ਦੇਂਗੇ' ਨਾਲ ਇਹ ਸਮਾਗਮ ਆਪਣੀ ਸਮਾਪਤੀ ਨੂੰ ਪਹੁੰਚਾ। ਸਵੇਰ ਦੇ 6 ਵਜੇ ਤਕ ਦਰਸ਼ਕਾਂ ਨੇ ਇਸ ਯਾਦਗਾਰੀ ਨਾਟਕ ਸਮਾਗਮ ਦਾ ਆਨੰਦ ਮਾਣਿਆ। ਇਸ ਸਮਾਗਮ ਦੀ ਇਕ ਹੋਰ ਵਿਸ਼ੇਸ਼ਤਾ ਸੀ, ਤਲਵਾੜਾ ਦੇ ਸਾਥੀਆਂ ਵਲੋਂ ਪੰਡਾਲ ਦੇ ਬਾਹਰ ਅਤੇ ਪੰਡਾਲ ਦੇ ਅੰਦਰ, ਇਨਕਲਾਬੀ ਅਤੇ ਸਾਹਿਤਕ ਟੂਕਾਂ ਦੇ ਚਾਰਟ। ਬੜੇ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਇਹ ਚਾਰਟ ਤਿਆਰ ਕੀਤੇ ਗਏ ਸਨ ਤੇ ਇਹਨਾਂ ਦੀ ਹਰ ਲਿੱਖਤ ਚਿਤਕਾਰਾਂ ਦੀ ਬੜੀ ਡੂੰਘੀ ਮੇਹਨਤ ਤੇ ਲਗਨ ਦੀ ਸੂਚਿਕ ਸੀ। ਸਮਾਗਮ ਦਾ ਇਕ ਸਭਿਆਚਾਰਕ ਵਾਤਾਵਰਨ ਉਸਾਰਨ ਵਿਚ ਇਹਨਾਂ ਲਿਖਤਾਂ ਦੀ ਬੜੀ ਦੇਣ ਸੀ ਅਤੇ ਉਮੀਦ ਕੀਤੀ ਜਾਂਦੀ ਹੈ ਕਿ ਅਗੋਂ ਤੋਂ ਵੀ ਇਹ ਸਾਥੀ ਅਤੇ ਹੋਰ ਸਾਥੀ ਵੀ ਪਲਸ ਮੰਚ ਦੇ ਸਮਾਗਮ ਵਿਚ ਇਹ ਯੋਗ ਦਾਨ ਪਾਉਣਗੇ। —ਗੁਰਬਖਸ਼ ਜੱਸ

---

ਪੁਸਤਕ ਪਹਿਚਾਣ

**ਮਲਾਹਾਂ ਦੀ ਹੇਕ 'ਤੇ** ਸੰਪਾਦਕ : ਨਵਕਿਰਨ

ਪਲਸ ਮੰਚ ਪ੍ਰਕਾਸ਼ਨ ਸਫ਼ੇ 106 ਮੁੱਲ 4/- ਰੁਪੈ

ਪਿਛਲੇ ਸਾਲ ਜਦੋਂ ਪਲਸ ਮੰਚ ਦੀ ਪ੍ਰਕਾਸ਼ਨਾ ਸੰਸਥਾ ਦੇ ਸਥਾਪਤ ਕਰਨ ਦਾ ਫੈਸਲਾ ਲਿਆ ਗਿਆ ਸੀ ਇਹਦੇ ਸਾਹਮਣੇ ਤਿੰਨ ਉਦੇਸ਼ ਮਿਥੇ ਗਏ ਸਨ।

ੳ) ਐਸਾ ਸਾਹਿਤ ਪ੍ਰਕਾਸ਼ਿਤ ਕੀਤਾ ਜਾਏ ਜੋ ਲੋਕਾਂ ਦੀਆਂ ਭਾਵਨਾਵਾਂ, ਆਸਾਂ ਅਤੇ ਸਮਸਿਆਵਾਂ ਨੂੰ ਸੁਹਜ ਮਈ-ਕਲਾਮਈ ਢੰਗ ਨਾਲ ਪੇਸ਼ ਕਰੇ ਅਤੇ ਲੋਕਾਂ ਦੇ ਦਿਲਾਂ ਵਿਚ ਅਨਿਆਂ, ਜ਼ੁਲਮ ਤੇ ਲੁੱਟ ਖਸੁੱਟ ਵਿਰੁਧ ਜਾਗਰਤੀ ਪੈਦਾ ਕਰੇ ਅਤੇ ਸੰਘਰਸ਼ ਪ੍ਰੇਰਤ ਕਰੇ।

(ਅ) ਲੋਕ ਪੱਖੀ ਸਾਹਿਤ ਨੂੰ ਰਚਨ ਵਾਲੇ ਨਵੇਂ ਲੇਖਕਾਂ ਨੂੰ ਉਤਸ਼ਾਹਤ ਕਰੇ।

(ੲ) ਨਰੋਏ ਤੇ ਚੰਗੇ ਸਾਹਿਤ ਨੂੰ ਘੱਟ ਤੋਂ ਘੱਟ ਕੀਮਤ ਵਿਚ ਲੋਕਾਂ ਤਕ ਪੁੱਜਦਾ ਕਰੇ।

ਮੈਂ ਸੋਚਦਾ ਹਾਂ ਕਿ ਨਵਕਿਰਨ ਦਾ ਸੰਪਾਦਤ ਕੀਤਾ ਕਾਵਿ ਸੰਗ੍ਰਹਿ 'ਮਲਾਹਾਂ ਦੀ ਹੇਕ ਤੇ' ਇਹਨਾਂ ਤਿੰਨਾਂ ਉਦੇਸ਼ਾਂ ਨੂੰ ਬਹੁਤ ਹੱਦ ਤਕ ਪੂਰਾ ਕਰਦਾ ਹੈ। ਇਸ ਵਿਚ ਸ਼ਾਮਿਲ ਕੀਤੇ ਸਥਾਪਿਤ ਕਵੀਆਂ ਦੇ ਨਾਲ ਨਾਲ ਬਹੁਤ ਸਾਰੇ ਕਵੀ ਲੋਕ ਲਹਿਰਾਂ ਦੇ ਉਭਰਦੇ ਕਵੀ ਹਨ ਤੇ ਇਸੇ ਲਈ ਉਹਨਾਂ ਦੀ ਰਚੀ ਹੋਈ ਹਰ ਸੱਤਰ ਵਿਚ ਇਕ ਵਿਸ਼ੇਸ਼ ਬਚਣਬੱਧੀ ਅਤੇ ਸੁਹਿਦਰੱਤਾ ਹੈ। ਕਾਵਿ ਮੁਹਾਵਰੇ ਵਿਚ ਉਹਨਾਂ ਦੇ ਬਿੰਬ ਵੀ ਔਪਣੇ ਹਨ। ਸੰਗ੍ਰਹਿ ਦਾ ਮਹਿੰਦਰ ਸਾਥੀ ਦਾ ਰਚਿਆ ਪਹਿਲਾ ਹੀ ਗੀਤ ਤੁਹਾਡਾ ਧਿਆਨ ਖਿੱਚਦਾ ਹੈ, ਜੋ ਅੱਜ ਦੇ ਸੰਘਰਸ਼ ਕਰਦੇ ਲੋਕਾਂ ਦਾ ਅਜ਼ਮ ਅਤੇ ਭਵਿਖ ਵਿੱਚ ਵਿਸ਼ਵਾਸ ਦੱਸਦਾ ਹੈ :

"ਪੰਛੀ ਨਾਂ ਅੱਜ ਬੋਟ ਲੁਕਾਵਨ, ਛੁਪ ਨਾ ਉਨ੍ਹਾਂ ਰਹਿਣਾ।
ਚਿੜੀਆਂ ਨੇ ਇਸ ਰੁੱਖੀ ਰੱਖ ਵਿਚ, ਹੈ ਬਾਜ਼ਾਂ ਨੂੰ ਪੈਣਾ।
ਠੰਡੀਆਂ ਛਾਵਾਂ ਦੇਵਣ ਰੁੱਖ ਜੋ, ਫੈਲੇਗੀ ਹਰ ਥਾਵੇਂ।
ਚੇਤਰ ਚੁੱਪ-ਚੁਪੀਤੇ ਲਿਖਦੇ, ਫੁੱਲਾਂ ਦੇ ਸਿਰਨਾਵੇਂ।"

ਉਹੀ ਲੋਕ, ਜੋ ਲੋਕਾਂ ਦੇ ਚੁਣੇ ਹੁੰਦੇ ਹਨ, ਲੋਕਾਂ ਦੇ ਬਣਾਏ ਹੁੰਦੇ ਹਨ, ਸਥਾਪਤੀ ਤੇ ਪੈਰ ਧਰਦੇ ਹੀ ਲੋਕਾਂ ਨੂੰ ਭੁੱਲ ਜਾਂਦੇ ਹਨ। ਆਪਣੇ ਦਰਾਂ ਤੇ ਪਹਿਰੇ ਲਾ ਦੇਂਦੇ ਹਨ, ਜਿਨ੍ਹਾਂ ਨੂੰ ਉਹਨਾਂ ਦੇ ਜੀ ਹਜ਼ੂਰੀਏ ਹੀ ਲੰਘ ਸਕਦੇ ਹਨ। ਲੋਕ ਜਦੋਂ ਸ਼ਕਾਇਤ ਕਰਨ ਰਾਜਧਾਨੀ ਦੇ ਨੇੜੇ ਪੁੱਜਦੇ ਹਨ ਤਾਂ ਸੰਗੀਨਾਂ ਨਾਲ ਉਹਨਾਂ ਦੇ ਰਾਹ ਰੋਕੇ ਜਾਂਦੇ ਹਨ। ਲੰਘ ਉਹੀ ਸਕਦਾ ਹੈ ਜਿਸ ਕੋਲ ਸ਼ਨਾਖਤਨਾਮਾ ਹੋਵੇ। ਇਸ ਸਥਿਤੀ ਨੂੰ ਜਗਤਾਰ ਨੇ ਇਕ ਵਿਸ਼ੇਸ਼ ਕਾਵਿਕ ਬਿੰਬ ਉਸਾਰਕੇ ਆਪਣੀ ਕਵਿਤਾ 'ਸ਼ਨੋਖਤਨਾਮਾ' ਵਿਚ ਪੇਸ਼ ਕੀਤਾ ਹੈ :

"ਜਿਨ੍ਹਾਂ ਰੁੱਖਾਂ ਨੂੰ ਬਸਤੀ ਵਾਲਿਆਂ ਨੇ ਪਾਲਿਆ ਸੀ
ਉਹ ਸਾਰੇ ਕੁਰਸੀਆਂ ਤੇ ਮੇਜ਼ ਬਣ ਗਏ ਨੇ।...

ਹੁਕਮ ਜਾਰੀ
ਕਿ ਜੋ ਵੀ ਸ਼ਹਿਰ ਵਿਚ ਆਏ
ਉਹ ਢਿੱਡ ਦੀ ਅੱਗ ਦੀ
ਫੁੱਲਾਂ ਦੇ ਅਗੰਵਾ ਦੀ
ਗਵਾਚੀ ਛਾਂ ਦੀ ਕੋਈ ਬਾਤ ਨਾਂ ਛੇੜੇ
ਕਿਸੇ ਕੁਰਸੀ ਨੂੰ ਨਾਂ ਖਤਰੇ 'ਚ ਪਾਵੇ
ਨਗਰ ਵਿਚ ਓਹੀ ਹੁਣ ਦਾਖਲ ਹੋ ਸੱਕੇਦਾ
ਸ਼ਨਾਖਤ ਕਾਰੱਡ ਜਿਸਦੇ ਕੋਲ ਹੈ
ਤੇ ਭੇਡ ਦੀ ਤਸਵੀਰ ਜਿਸ ਉਤੇ ਛਪੀ ਹੈ।"

ਜਗਰੂਪ ਸਿੰਘ ਰੂਪ ਆਪਣੀ ਕਵਿਤਾ 'ਘੁਰਦੀ ਅੱਖ ਦਾ ਭਰਮ' ਵਿਚ ਸੰਘਰਸ਼ਸ਼ੀਲ ਲੋਕਾਂ ਦੇ ਵਿਸ਼ਵਾਸ ਨੂੰ ਕਮਾਲ ਦੇ ਢੰਗ ਨਾਲ ਪੇਸ਼ ਕਰਦਾ ਹੈ। ਇਹ ਇਸ ਸੰਗ੍ਰਹਿ ਦੀ ਬੇਹਤਰੀਨ ਕਵਿਤਾ ਹੈ ਜਿਸ ਵਿਚ ਮਿਥਹਾਸਕ ਬਿੰਬਾਂ ਦੀ ਵਰਤੋਂ ਆਪਣੇ ਹੀ ਢੰਗ ਨਾਲ ਕੀਤੀ ਗਈ ਹੈ :

"ਜੁਗਨੂੰ, ਭਾਵੇਂ ਅਰਜਨ ਬਲੀ ਨਹੀਂ ਹੁੰਦਾ
ਪਰ ਫੇਰ ਵੀ ਉਹ, ਰਾਤ ਦੇ ਕੜਾਹੇ 'ਚ ਉੱਬਲਦੇ

ਸੁੰਨਤਾ ਦੇ ਤੇਲ 'ਚੋਂ ਵਿੰਹਦਾ
ਘੁੰਮਦੇ ਵੱਕਤ ਦੇ ਚੱਕਰ ਵਿਚੋਂ ਦੀ
ਹਨੇਰੇ ਦੇ ਮਗਰਮੱਛ ਦੀ
ਵਿੰਨ੍ਹਕੇ ਰੱਖ ਦਿੰਦੈ ਘੂਰਦੀ ਅੱਖ ।...
ਸੁਅੰਬਰ ਤਾਂ ਦੋਸਤੋ
ਨਿੱਤ ਹੀ ਰਚੇ ਜਾਂਦੇ ਹਨ
ਬੱਸ—ਅਸੀਂ ਹੀ ਹੁੰਦੇ ਹਾਂ
ਮਹਾਂ ਭਾਰਤ ਦੇ ਕੋਰਨ ਵਾਂਗੂ
ਭਰੀ ਸਭਾ 'ਚੋਂ ਗੈਰ ਹਾਜ਼ਿਰ ।...ਪਰ
ਕਿੰਨਾ ਕੁ ਚਿਰ
ਵੀਰ ਅਰਜੁਣ ਹੁੰਦੇ ਰਹਿਣਗੇ ਪੈਦਾ
ਪਹਿਨਕੇ ਰਾਜ ਘਰਾਣੇ ਵਾਲੇ ਬਾਪ ਦਾ ਨਾਂ
ਤੇ ਵਰ ਕੇ ਲੈ ਜਾਂਦੇ ਰਹਿਣਗੇ, ਸਮੇਂ ਦੀ ਦਰੋਪਤੀ ਨੂੰ
ਕਿਉਂਕਿ
ਯੋਧੇ ਕਰਨ ਨੂੰ
ਸੁਅੰਬਰ 'ਚੋਂ ਤਾਂ ਕੀਤਾ ਜਾ ਸਕਦੈ
ਬੇ-ਬਾਪ ਆਖ ਕੇ ਬੇਦਖ਼ਲ
ਪਰ
ਕੁਰੂ ਕਸ਼ੇਤਰ ਦੀ ਯੁੱਧ ਭੂਮੀ 'ਚੋਂ ਨਹੀਂ ।"

ਮਨਮੋਹਨ ਸਿੰਘ ਦਾਊਂ ਦੀ ਕਵਿਤਾ 'ਕਰਜ਼ਾਈ ਆਥਨ' ਲੋਕਾਂ ਦਾ ਦਰਦ ਦਸਦਿਆਂ ਇਹ ਉੱਤਮ ਕਾਵਿ ਰਚਨਾਂ ਹੈ, ਇਕ ਬਾਪ ਖੇਤ ਗਿਰਵੀ ਰੱਖ ਕੇ ਆਪਣੀ ਧੀ ਦਾ ਡੋਲਾ ਆਪਣੇ ਘਰੋਂ ਭੇਜਦਾ ਹੈ, ਸਾਰੇ ਉਦਾਸੀ ਹੈ ਤੇ ਇਸੇ ਉਦਾਸੀ ਨੂੰ ਬਿੰਬ ਬਣਾਕੇ ਸਮਾਜ ਦੀ ਕੁਰੱਖਤਾ ਨੂੰ ਕਵੀ ਇਸ ਤਰ੍ਹਾਂ ਪੇਸ਼ ਕਰਦਾ ਹੈ :—

"ਜਦੋਂ ਸ਼ੰਮੋ ਦੀ ਡੋਲੀ ਤੁਰੀ ਤਾਂ ਆਥਣ ਸੀ
ਤੇ ਪਿੰਡ ਦੀ ਜੂਹ 'ਚ ਰੁਖਾਂ ਦੇ ਉਹਲੇ
ਮਹਿੰਦੀ ਰੰਗੇ ਹੱਥ ਵਰਗਾਂ
ਸੂਰਜ ਵੀ ਉਦਾਸ ਹੋਇਆ ਡੁੱਬ ਰਿਹਾ ਸੀ ।
ਤੇ ਸ਼ੰਮੋ ਦੇ ਕਰਜ਼ਾਈ ਬਾਬਲ ਨੇ
ਬਹੀ 'ਚ ਲਾਏ ਅੰਗੂਠੇ ਵਾਲੇ ਹੱਥੀਂ
ਅੱਖਾਂ 'ਚ ਤਰਦਾ ਹੰਝੂ,
ਆਪਣੀ ਢਿਲਕੀ ਪੱਗ ਦੇ ਲੜ ਸਾਂਭਿਆ ਸੀ
ਤੇ ਸ਼ੰਮੋਂ ਦੀ ਅੰਮੜੀ ਦਾ ਦੋਸੜਾ ਕੋਨਾ
ਕੱਚੀ ਕੰਧ ਵਾਂਗੂੰ ਗੜੁੱਚ ਹੋ ਗਿਆ ਸੀ
......ਫਿਰ ਜਦੋਂ ਸ਼ੰਮੋਂ ਦੀ ਡੋਲੀ
ਬਾਬਲ ਦੇ ਬੈਅ ਕੀਤੇ ਖੇਤ ਕੋਲੋਂ ਗੁਜ਼ਰੀ
ਤਾਂ ਬਿਗਾਨੀਆਂ ਹੋਈਆਂ
ਕਣਕ ਦੀਆਂ ਬੱਲੀਆਂ ਦਾ ਹੱਜ਼ਰ ਤੱਕ ਕੇ
ਉਸਦਾ ਗੱਚ ਹੋਰ ਡੂੰਘਾ ਹੋ ਗਿਆ ਸੀ
ਤੇ ਸ਼ੰਮੋ ਦੀ ਹਿੱਚਕੀ ਸੁਣਕੇ
ਕਰਜ਼ਾਈ ਆਥਣ ਹੋਰ ਉਦਾਸ ਹੋ ਗਈ ਸੀ ।"

ਸਥਾਪਤੀ ਜਦੋਂ ਮਿਹਰਬਾਨ ਹੁੰਦੀ ਤਾਂ ਬੰਦੇ ਦੀ ਜ਼ਮੀਰ ਦੀ ਕਿਸ ਤਰ੍ਹਾਂ ਕਾਇਆ ਕੱਲਪ ਹੁੰਦੀ । ਇਹ ਹਰਭਜਨ ਹਲਵਾਰਵੀ ਦੀ ਕਵਿਤਾ 'ਖਿੜਕੀ' ਦਾ ਵਿਸ਼ਾ ਹੈ ।

"ਗੱਲ ਸਿਰਫ ਇੱਕ ਖਿੜਕੀ ਦੀ ਹੈ
ਜੋ ਦੇਸ਼ ਦੇ ਸਭ ਤੋਂ ਉੱਘੇ ਮਹਾਂ ਨਗਰ ਦੀ
ਅਤਿ ਸ਼ਾਨਦਾਰ ਬਸਤੀ 'ਚ ਬਣੇ ਬੰਗਲਾ ਨੁਮਾ ਮਕਾਨ ਦੀ
ਬਾਜ਼ਾਰ ਵਾਲੀ ਦਿਸ਼ਾ 'ਚ ਖੁਲ੍ਹਦੀ ਹੈ।
ਐਨ ਨਿਸਚਿਤ ਅਰਸੇ ਪਿਛੋਂ
ਐਨ ਨਿਸਚਿਤ ਸਲੀਕੇ ਨਾਲ ।
...ਸੁਣਿਐ ਇਸ ਖਿੜਕੀ ਪਿਛੇ
ਇਕ ਜਾਦੂਗਰਨੀ ਦਾ ਵਾਸਾ ਹੈ
ਜੋ ਬੰਦੇ ਨੂੰ ਕੁੱਤਾ ਤੇ ਕੁੱਤੇ ਨੂੰ ਬੰਦਾ ਬਣਾਕੇ
ਉਹਦੀ ਪਿੱਠ ਤੇ ਪ੍ਰਮਾਣਕਿਤਾ ਦੀ ਮੋਹਰ ਲਾਉਂਦੀ ਹੈ ।
ਜਾਦੂਗਰਨੀ ਕਲਗੀ ਦੀ ਖੋਰ ਦਿੰਦੀ ਹੈ ।
ਫੇਰ ਉਹ ਸਾਰੀ ਉਮਰ ਵਿਅਕਤੀ ਵਿਸ਼ੇਸ਼ ਬਣਕੇ,
ਝੂਠ ਨੂੰ ਸੱਚ ਤੇ ਸੱਚ ਨੂੰ ਝੂਠ ਸਿੱਧ ਕਰਦਾ ਹੈ ।'

ਇਸ ਸੰਗ੍ਰਿਹ ਵਿਚ ਮਿੱਠਾ ਸਿੰਘ ਸੇਖੋਂ ਦਾ ਗੀਤ 'ਤਪਸ਼' ਵੀ ਸ਼ਾਮਿਲ ਹੈ ।

"ਇਹ ਤਾਅ ਸੂਰਜ ਦਾ ਨਹੀਂ ਘਟਿਆ,
ਇਹ ਤਾਂ ਬੱਦਲ ਹੇਠਾਂ ਆਇਆ ਹੈ ।
ਅੰਧਕਾਰ ਹਮੇਸ਼ਾਂ ਨਹੀਂ ਰਹਿਣਾ,
ਇਹ ਤਾਂ ਪੱਲ ਭਰ ਦਾ ਪਰਛਾਇਆ ਹੈ ।"

ਇਸ ਗੀਤ ਦਾ ਆਪਣਾ ਸਰੋਦੀ ਰੰਗ ਹੈ ਜੋ ਲੋਕ ਪੱਖੀ ਸਟੇਜਾਂ ਦਾ ਸ਼ਿੰਗਾਰ ਬਣਨ ਦੀ ਸੰਭਾਵਨਾ ਰਖਦਾ ਹੈ।

ਜਗਰਾਜ ਧੌਲਾ ਸਾਡੀਆਂ ਸਟੇਜਾਂ ਦਾ ਜਾਣਿਆ ਹੋਇਆ ਨਾਂ ਹੈ, ਉਹਦੇ ਤਿੰਨ ਗੀਤ ਇਸ ਸੰਗ੍ਰਿਹ ਵਿਚ ਹਨ। "ਮਾਏ ਨੀ ਮਾਏ, ਮੇਰੇ ਦਿਲ ਦੀ ਮਹਿਰਮੇਂ ! ਬੁਝ ਮੇਰੀ ਮੁੱਠੀ ਵਿਚ ਕੀ" ? ਲੋਕ ਗੀਤਾਂ ਦੀ ਸ਼ੈਲੀ ਤੇ ਅਧਾਰਤ ਇਹ ਗੀਤ ਸਾਡੇ ਇਨਕਲਾਬੀ ਜਜ਼ਬਿਆਂ ਦੀ ਪੂਰੀ ਤਰ੍ਹਾਂ ਤਰਜਮਾਨੀ ਕਰਦਾ ਹੈ ।

ਗ਼ਜ਼ਲ ਸਾਡੀ ਕਵਿਤਾ ਦਾ ਹੁਣ ਇਕ ਪ੍ਰਮਾਣਿਤ ਰੂਪ ਹੈ । ਇਸ ਸੰਗ੍ਰਹਿ ਵਿਚ ਵੀ ਬਹੁਤ ਸਾਰੀਆਂ ਕਵੀਆਂ ਦੀਆਂ ਗ਼ਜ਼ਲਾਂ ਸ਼ਾਮਲ ਹਨ, ਮੇਰੇ ਵਿਚਾਰ ਵਿਚ ਉਹ ਇਸ ਸੰਗ੍ਰਿਹ ਦੀਆਂ ਕਵਿਤਾਵਾਂ ਵਾਂਗ ਸ਼ਕਤੀਸ਼ਾਲੀ ਨਹੀਂ ਪਰ ਫੇਰ ਵੀ ਕਈ ਸ਼ੇਅਰ ਤੁਹਾਨੂੰ ਪ੍ਰਭਾਵਤ ਕਰਦੇ ਹਨ :

"ਏਥੇ ਲੱਖਾਂ ਪਸ਼ੂਆਂ ਦਾ ਹੈ ਬੰਦਿਆਂ ਨਾਲੋਂ ਜੀਵਨ ਚੰਗਾ
ਪਰ ਲੱਖਾਂ ਹੀ ਬੰਦੇ ਏਥੇ ਪਸ਼ੂਆਂ ਵਰਗੀ ਜੂਨ ਹੰਢਾਵਨ"
—ਦੇਵ ਰਾਉਕੇ

"ਲੋੜਦੀ ਹੈ ਦੋਸਤੋ ਸੰਜੀਦਗੀ ਮੇਰੀ ਗ਼ਜ਼ਲ
ਇਹ ਕਿਸੇ ਮਹਿਬੂਬ ਨੂੰ ਲਿਖਿਆ ਗਿਆ ਇਕ ਖਤ ਨਹੀਂ"
—ਕ੍ਰਿਸ਼ਨ ਭਨੋਟ

ਸਰਘੀ ਦਾ ਮੁੱਖ ਚੁਮਣਾ ਜਿਨ੍ਹਾ ਦਾ ਸ਼ੌਕ ਹੈ
ਉਹਨਾਂ ਨਹੀਂ ਸੌਂ ਸਕਣਾ, ਪਰਭਾਤ ਹੋਣ ਤਕ
—ਜਸਪਾਲ ਘਈ

ਆਈ ਹਨੇਰੀ ਖੋਹ ਕੇ ਲੈ ਗਈ, ਸੱਭ ਪਤਵਾਰ ਮਲਾਹਾਂ ਦੇ
ਝੂਠੇ ਪੈ ਗਏ ਲਹਿਰਾਂ ਅਗੇ, ਕੁੱਲ ਇਤਬਾਰ ਮਲਾਹਾਂ ਦੇ
— ਖੈਰੂ ਫਕੀਰ

ਮਸਖਰੇ ਸਨ, ਤੁਰ ਗਏ ਮੋਢੇ ਨੂੰ ਲੈ ਬੈਸਾਖੀਆ
ਸਰਫਰੋਸ਼ਾਂ ਦੇ ਲਹੂ ਪਰ ਮਰਸੀਏ ਗਾਂਦੇ ਰਹੇ
—ਕੌਰ ਪਾਲ ਸਿੰਘ

ਜੋ ਮਹਿਬੂਬਾ ਤੇ ਦਾਰੂ ਦੀ ਹੀ ਗੱਲ ਕਰਦੇ ਕਵੀ ਸੱਜਣ
ਸਮਝ ਆਵਣ ਤੇ ਆਪੇ ਤੋਂ ਬੜਾ ਸ਼ਰਮਾਵਣਗੇ ਆਖਿਰ
—ਜਸਵੀਰ ਸਿੰਘ ਜਸੀ

ਗ਼ਜ਼ਲ ਦੇ ਰੰਗ ਵਿਚ ਇਸ ਸੰਗ੍ਰਹਿ ਵਿਚ ਸਭ ਤੋਂ ਸਫ਼ਲ ਗੁਰਤੇਜ ਕੋਹਾਰ ਵਾਲਾ ਹੈ, ਜਿਸਦਾ ਕੋਈ ਕੋਈ ਸ਼ੇਅਰ ਨਹੀਂ ਸਗੋਂ ਸਮੁੱਚੀ ਗ਼ਜ਼ਲ ਤੁਹਾਨੂੰ ਟੁੰਬਦੀ ਹੈ :

"ਸ਼ਹਿਰ ਜੋ ਸਹਿੰਦਾ ਰਿਹਾ ਉਹ ਤਾਂ ਤੁਸੀਂ ਲਿਖਿਆ ਨਾ ਸੀ
ਜੋ ਤੁਸੀਂ ਲਿਖਦੇ ਰਹੇ, ਉਹ ਸ਼ਹਿਰ ਵਿਚ ਹੋਇਆ ਨਾ ਸੀ

ਜਦੋਂ ਤੀਕ ਸੂਰਜ ਹੈ ਮੁੱਠੀ 'ਚ ਤੇਰੇ,
ਚੰਨ ਤੇ ਕਬਜ਼ਾ ਵੀ ਤੇਰਾ ਰਹੇਗਾ।
ਉਦੋਂ ਤੀਕ ਰਾਤੀਂ ਕੀ ਤਿਖੇ ਦੁਪਹਿਰੇ ਵੀ,
ਸਾਡੇ ਘਰਾਂ ਵਿਚ ਹਨੇਰਾ ਰਹੇਗਾ।

ਸੁਲਗਦੇ ਨੇ ਅਜੇ ਤਾਂ ਲੋਕ, ਬਸ ਚੁੱਪ ਹੀ ਘਰਾਂ ਅੰਦਰ।
ਕਿਸੇ ਦਿਨ ਚੀਖਦੇ ਆ ਜਾਣਗੇ ਸ਼ਾਇਦ ਦਰਾਂ ਅੰਦਰ।"

ਗ਼ਜ਼ਲ ਦੇ ਰੰਗ ਵਿਚ ਮਖਣ ਸਿੰਘ ਕੁਹਾੜ ਦੀ ਸਮੁੱਚੀ ਗ਼ਜ਼ਲ ਤੂਫ਼ਾਨ ਜ਼ੋਰ ਫੜ ਰਿਹੈ ਵੀ ਇਸ ਸੰਗ੍ਰਹਿ ਦਾ ਸ਼ਿੰਗਾਰ ਹੈ :

ਇਹ ਬਾਦਬਾਨ ਹਟਾ ਲਵੋ, ਤੂਫਾਨ ਜ਼ੋਰ ਫੜ ਰਿਹੈ।
ਦਿਲਾਂ 'ਚ ਰੋਹ ਜਗਾ ਲਵੋ, ਤੂਫਾਨ ਜ਼ੋਰ ਫੜ ਰਿਹੈ।
ਲਤਾੜੇ ਹੋਏ ਕੱਖ ਕਾਨ ਅੰਬਰਾਂ ਨੂੰ ਛੂਹਣਗੇ,
ਸਮਾਂ ਹੈ ਖੰਭ ਲਾ ਲਵੋ, ਤੂਫਾਨ ਜ਼ੋਰ ਫੜ ਰਿਹੈ।

ਹੋਰ ਕਵਿਤਾਵਾਂ ਵਿਚੋਂ ਮਹਿੰਦਰ ਭੱਠਲ ਦੀ ਬਹੁ ਚਰਚਿਤ ਕਵਿਤਾ 'ਉਹੋ ਵਿਚਾਰਾ' ਅਤੇ ਨਵਕਿਰਨ ਦੀ 'ਅਸੀ ਬੇਦਾਵਾ ਨਹੀਂ ਦਿੱਤਾ' ਵੀ ਇਸ ਸੰਗ੍ਰਹਿ ਵਿਚ ਸ਼ਾਮਲ ਹਨ। ਪਾਲ ਕੌਰ, ਤ੍ਰਲੋਚਣ ਸਮਾਧਵੀ, ਸੁਰਿੰਦਰ ਚਾਹਲ, ਅਜੈਬ ਟਲੇਵਾਲੀਆ, ਸੁਰਜੀਤ ਬਰਾੜ, ਸੁਰਿੰਦਰ ਸਾਗਰ, ਮਨਜੀਤ ਪਨੇਸਰ, ਦਿਲਬਾਗ ਰਾਣਾ, ਦਰਸ਼ਨ ਦਰਵੇਸ਼, ਹੋਰ ਐਸੇ ਨਾਂ ਹਨ, ਜਿਨ੍ਹਾਂ ਦੀਆਂ ਕਵਿਤਾਵਾਂ ਨੇ ਇਸ ਸੰਗ੍ਰਹਿ ਨੂੰ ਸਾਹਿਤਕ ਪ੍ਰਮਾਣਤਾ ਪ੍ਰਦਾਨ ਕੀਤੀ ਹੈ। ਵਿਸ਼ੇਸ਼ ਕਰਕੇ ਮੈਂ ਪਾਲ ਕੌਰ ਦੀ ਕਵਿਤਾ ਆਜ਼ਾਦੀ ਦੀ ਸ੍ਵੈ-ਜੀਵਨੀ ਦਾ ਇਥੇ ਜ਼ਿਕਰ ਕਰਾਂਗਾ। ਔਰਤ ਦੇ ਦੁੱਖ ਦਾ ਕ੍ਰਿਸ਼ਨ ਕੌਰ ਪਾਲ ਦਾ ਪ੍ਰਸਿਧ ਗੀਤ ਵੀ ਇਸ ਸੰਗ੍ਰਹਿ ਵਿਚ ਸ਼ਾਮਿਲ ਹੈ ਪਰ ਪਾਲ ਕੌਰ ਨੇ ਇਸ ਦੁੱਖ ਨੂੰ ਇਕ ਐਸਾ ਅੰਦਾਜ਼ ਦਿੱਤਾ ਹੈ, ਜੋ ਦਿਲ ਨੂੰ ਧੂਹ ਪਾਉਂਦਾ ਹੈ ਤੇ ਇਸਦਾ ਪ੍ਰਭਾਵ ਕਈ ਪਰਤਾਂ ਵਿਚ ਤੁਹਾਡੇ ਤੇ ਪੈਂਦਾ ਹੈ :

"ਮੈਂ ਕਿਸੇ ਕੁਲਹਿਣੀ ਘੜੀ;
ਆਪਣੀ ਮਾਂ ਦੇ ਕੁੱਖੇ ਪਈ ਸਾਂ
ਤੇ ਜਦੋਂ ਮੈਂ ਜੰਮੀ ਸਾਂ,
ਰਸੋਈ 'ਚ ਖਲੋਤੀ ਮੇਰੀ ਦਾਦੀ ਦੇ ਹਥੋਂ
ਕੁੱਜਾ ਛੁੱਟਕੇ ਟੁੱਟ ਗਿਆ ਸੀ
ਮੇਰੇ ਪਿਉ ਦੇ ਮੰਜੇ ਨਾਲ ਬੱਧੇ ਕੁੱਤੇ ਨੇ
ਆਪਣੇ ਕੰਨ ਖੜਕਾਏ ਸਨ।
ਤੇ ਫੇਰ ਮੇਰੀ ਦਾਦੀ ਨੇ ਮੈਨੂੰ ਸ਼ਹਿਦ ਦੀ ਥਾਂ।
ਨੀਲਾ ਥੋਥਾ ਚੱਟਾ ਦਿਤਾ ਸੀ।
ਪਰ ਮੈਂ ਮਰੀ ਨਹੀਂ ਸਾਂ ਸ਼ਾਇਦ ਇਸੇ ਕਰਕੇ
ਕਿ ਗੁੜ੍ਹਤੀ ਮਰਨ ਲਈ ਨਹੀਂ
ਕਤਰਾ ਕਤਰਾ ਧੁਖਣ ਲਈ ਦਿਤੀ ਗਈ ਸੀ।
ਤੇ ਹੁਣ ਮੇਰਾ ਅੰਗ ਅੰਗ ਨੀਲਾ ਹੈ
ਤੇ ਮੈਂ, ਆਪਣੀ ਗੁੜ੍ਹਤੀ 'ਚ ਮਿਲੀ ਮੌਤ ਨੂੰ
ਕਤਰਾ ਕਤਰਾ ਹੰਢਾ ਰਹੀ ਹਾਂ।
...ਮੈਂ ਇਕੋ ਸਮੇਂ, ਲਾਸ਼,
ਪਤਨੀ ਤੇ ਰਖੇਲ ਦੇ ਰੂਪ ਹੰਢਾਏ ਨੇ।
ਤੇ ਮੈਂ ਲੋਥਾਂ ਵੀ ਜੰਮੀਆਂ ਨੇ,
ਵੋਟਾਂ ਵੀ ਤੇ ਗ਼ੈਰ ਕਾਨੂੰਨੀ ਬਚੇ ਵੀ.
ਇਹ ਸਿਲਸਲਾ ਜਾਰੀ ਰਹਿਣਾ ਹੈ।
ਉਦੋਂ ਤਕ
ਜਦੋਂ ਤਕ ਮੇਰੇ ਜਿਸਮ ਦੇ ਨੀਲੇ ਖ਼ੂਨ ਨੂੰ
ਲਾਲ ਕਰਨ ਲਈ ਕੋਈ ਇੰਜੈਕਸ਼ਨ ਨਹੀਂ ਬਣ ਜਾਂਦਾ।"

ਇਸ ਪੁਸਤਕ ਪਹਿਚਾਣ ਵਿਚ ਰਘਵੀਰ ਸਿੰਘ ਰਾਹੀ ਦਾ ਜ਼ਿਕਰ ਵੀ ਜ਼ਰੂਰ ਕਰਨਾ ਚਾਹਾਂਗਾ। ਇਹਦੇ ਬਾਰੇ ਵਾਕਫ਼ੀਅਤ ਵਾਲੇ ਕਾਲਮਾਂ ਵਿਚ ਲਿਖਿਆ ਹੈ। 'ਬਾਈ ਤੇਈ ਸਾਲ ਦੀ ਭਰ ਜਵਾਨ ਉਮਰ ਵਿਚ ਉਹ ਗਲਤ ਨਿਜ਼ਾਮ ਦੀਆਂ ਔਖੜ ਮੁਸੀਬਤਾ ਦੇ ਵਾਰ ਨੂੰ ਨਾ ਝੱਲਦਿਆਂ ਖੁਦਕਸ਼ੀ ਕਰ ਗਿਆ।' ਉਹਦਾ ਪ੍ਰਸਿਧ ਗੀਤ ਟਾਹਲੀ ਵਾਲਾ ਖੇਤ ਲੋਕ ਪੱਖੀ ਕਲਾ ਦਾ, ਸਿਖਰ ਹੈ, ਜੋ ਆਪਣੇ ਵਿਚ ਲੋਕਾਂ ਦੇ ਦੁੱਖ ਨੂੰ ਸਮੋਂਦਾ ਹੈ।

"ਮਾਰੇ ਇੱਜ਼ਤਾਂ ਤੇ ਡਾਕੇ ਕਹਿਰ ਗੁਜ਼ਾਰਦਾਂ
ਬਾਪੂ ਟਾਹਲੀ ਵਾਲਾ ਖੇਤ ਵੇ ਜਗੀਰਦਾਰ ਦਾ
ਉਸ ਖੇਤ ਵਿਚੋਂ ਟੁੱਟੀ ਮੇਰੀ ਵੰਗ ਬਾਬਲਾ ਵੇ
ਜਿਹੜੀ ਹੈ ਸੀ ਵਣਜਾਰੇ ਕੋਲੋਂ ਚਾਵਾ ਨਾਲ ਚੜ੍ਹਾਈ
ਵਿੱਕੀ ਤਿੰਨ ਕੁ ਰੁਪਈਆਂ ਵਿਚ ਮੁੱਲ ਬਾਬਲਾ ਮੈਂ

ਇਹਦੀ ਸੰਘਣੀ ਫਸਲ ਮੇਰੀ ਇੱਜ਼ਤ ਗਵਾਈ
ਇਹਦੇ ਮਾਲਕਾਂ ਦੇ ਜ਼ੋਰ,
ਵਿਚੇ ਚੱਬ ਲਿਆ ਸ਼ੇਰ—ਕਿਸੇ ਦੁਖੀਆਰ ਦਾ।
ਬਾਪੂ ਟਾਹਲੀ ਵਾਲਾ ਖੇਤ ਏ ਜਗੀਰਦਾਰ ਦਾ।"

ਪਲਸ ਮੰਚ ਪ੍ਰਕਾਸ਼ਨ ਇਸ ਕਾਵਿ ਸੰਗ੍ਰਿਹ ਦੀ ਆਪਣੇ ਪਾਠਕਾਂ ਨੂੰ ਪਹਿਚਾਣ ਕਰਵਾਉਂਦਾ ਮੈਂ ਵਿਸ਼ੇਸ਼ ਮਾਨ ਮਹਿਸੂਸ ਕਰ ਰਿਹਾ ਹਾਂ ਤੇ ਨਵ-ਕਿਰਨ ਨੂੰ ਇਸ ਮਿਹਨਤ ਲਈ ਸ਼ਾਬਾਸ਼ ਦੇਣਾ ਹਾਂ। **ਗੁਰਸ਼ਰਨ ਸਿਘ**

## ਕੁਝ ਵੀ ਨਹੀਂ

ਲੇਖਕ : ਇਕਬਾਲ ਰਾਮੂਵਾਲੀਆ
ਪੰਨੇ : 48
ਪ੍ਰਕਾਸ਼ਕ : ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ।

'ਕੁਝ ਵੀ ਨਹੀਂ' ਇਕਬਾਲ ਰਾਮੂਵਾਲੀਆ ਵਲੋਂ ਨਵ ਪ੍ਰਗਤੀਵਾਦੀ ਕਵਿਤਾ ਨੂੰ ਪੇਸ਼ ਕਰਨ ਦਾ ਇਕ ਯੱਤਨ ਹੈ। ਇਸ ਵਿਚ ਸਿਰਫ਼ ਨਿੱਜੀ ਦੁਖਾਂਤ ਹੀ ਨਹੀਂ, ਬਲਕਿ ਸਮੇਂ ਦੀਆਂ ਸਮਾਜਿਕ ਤੇ ਰਾਜਨੀਤਕ ਪ੍ਰਸਥਿਤੀਆਂ ਦਾ ਵਰਨਣ ਵੀ ਹੈ। ਇਸ ਦਹਾਕੇ ਵਿਚ ਜਿਹੜੇ ਸੰਗਰਾਮੀ ਕਵੀ ਕਵਿਤਾ ਦੇ ਖੇਤਰ ਵਿਚ ਆਏ ਉਹਨਾਂ ਵਿਚੋਂ ਇਕਬਾਲ ਰਾਮੂਵਾਲੀਆ ਇਕ ਹੈ।

ਇਕਬਾਲ ਕਲਾਤਮਕ ਪੱਖ ਵਲ ਵਧੇਰੇ ਚੇਤੰਨ ਅਤੇ ਸੰਜੀਦਾ ਜਾਪਦਾ ਹੈ। ਕਵੀ ਨੇ ਆਪਣੀਆਂ ਕਵਿ-ਤਾਵਾਂ ਵਿਚ ਨਵੇਂ ਯੁਗ ਵਿਚ ਪੇਸ਼ ਆ ਰਹੀਆਂ ਗੁੰਝਲ-ਦਾਰ ਸਮਸਿਆਵਾਂ ਦਾ ਵਿਸ਼ਲੇਸ਼ਣ ਕੀਤਾ ਹੈ।

ਹਥਲੇ ਕਾਵਿ ਸੰਗ੍ਰਹਿ ਤੋਂ ਪਹਿਲਾਂ ਹੀ ਇਕਬਾਲ ਰਾਮੂਵਾਲੀਆ ਜੁਝਾਰ ਕਵੀਆਂ ਵਿਚ ਗਿਣਿਆ ਜਾਂਦਾ ਹੈ ਉਹ ਜੋ ਕੁਝ ਵੀ ਲਿਖਦਾ ਹੈ ਉਸ ਲਈ ਸੰਘਰਸ਼ਸ਼ੀਲ ਹੈ। ਉਸਦੀਆਂ ਏਸ ਤੋਂ ਪਹਿਲਾਂ "ਸੁਲਘਦੇ ਅਹਿਸਾਸ" ਤਿੰਨ ਕੋਣ ਹੁਣ ਤਕ ਦੋ ਕਿਤਾਬਾਂ ਪਾਠਕਾਂ ਵਿਚ ਪਹੁੰਚ ਚੁੱਕੀਆਂ ਹਨ। ਉਸ ਦੀ ਸੰਪਾਦਤ "ਮਕਤਲ" ਦਾ ਪੰਜਾਬੀ ਸਾਹਿਤ ਵਿਚ ਇਕ ਵਿਸ਼ੇਸ਼ ਸਥਾਨ ਹੈ।

"ਕੁਝ ਵੀ ਨਹੀਂ" ਵਿਚ ਉਸਨੇ ਵਿਦੇਸ਼ਾਂ ਵਿਚ ਰਹਿਕੇ ਜੋ ਅਨੁਭਵ ਕੀਤਾ ਉਸ ਸਾਰੇ ਕੁਝ ਦਾ ਬਿਆਨ ਹੈ। ਇਹ ਅਨੁਭਵ ਸਾਨੂੰ ਉਸਦੀ ਲੰਮੀ ਕਵਿਤਾ "ਕੁਝ ਵੀ ਨਹੀਂ" ਵਿਚੋਂ ਮਿਲਦਾ ਹੈ:

"ਹੱਥਾਂ ਉਤੇਂ ਛਲਕਦੇ ਛਾਲੇ
ਸਾਡੇ ਦਸਤਾਨਿਆਂ ਨੇ ਜਲਾਵਤਨ ਕਰ ਦਿਤੇ
ਰੂਹਾਂ ਉਤੇ ਸੁਲਘਦੇ ਛਾਲੇ
ਬੀਅਰ, ਦੀ ਝੱਗ ਦੇ ਹੇਠਾਂ ਲੁਕਾ ਦਿੱਤੇ
ਜੁਰਾਬਾਂ ਤੋਂ ਖਿਸਕ ਕੇ
ਸ਼ਿਰ 'ਚ ਜਾ ਧੁਖੀਆਂ ਬਿਆਈਆਂ ਨੂੰ
ਕਿਰਾਏਦਾਰ ਦਾ ਕੱਚਾ ਜਿਹਾ ਹਾਸਾ ਹੀ ਠਾਰ ਦਿੰਦਾ ਹੈ
ਨਹੀਂ ਠਰਦੀ।
ਤਾਂ ਬੈਂਕ ਦੇ ਖਤੇ 'ਚ ਬਲਦੀ ਲਾਟ ਨਹੀਂ ਠਰਦੀ
ਤਦੋ ਹੀ ਤੋੜ ਨਹੀਂ ਹੁੰਦਾ
ਹਫ਼ਤੇ ਦੇ ਦਿਨਾਂ ਚੋਂ ਐਤਵਾਰ।"

ਜਿਥੇ ਉਹ ਵਿਦੇਸ਼ਾਂ ਦਾ ਅਨੁਭਵ ਬਿਆਨ ਕਰਦਾ ਹੈ। ਉਥੇ ਉਹ ਅੱਜ ਦੇ ਪੰਜਾਬ ਦੀ ਹਾਲਤ ਬਾਰੇ ਵੀ ਚਿੰਤਾਵਾਨ ਹੈ ਇਸ ਦੀ ਮਿਸਾਲ ਸਾਨੂੰ ਉਸਦੀ ਨਜ਼ਮ "ਪੌਣ ਹੱਥ ਸੁਨੇਹਾ" ਤੇ ਸ਼ਾਇਦ "ਜਾਗਿਆ ਜਾਵੇ" ਵਿਚ ਮਿਲਦਾ ਹੈ।

ਬੰਦੇ ਤਾਂ ਹੁਣ ਨਿਸ਼ਾਨੇ ਹੀ ਰਹਿ ਗਏ ਨੇ
ਜਾਂ ਅੰਨ੍ਹੇਵਾਹ ਚਲ ਰਹੇ ਹਥਿਆਰਾਂ ਦੇ ਕਲਪੁਰਜ਼ੇ।

ਇਕਬਾਲ ਜਿਥੇ ਵਿਦੇਸ਼ਾਂ ਦੀ ਗੱਲ ਕਰਦਾ ਹੈ, ਫਿਰਕਾਪ੍ਰਸਤੀ ਹੇਠ ਸੜ ਰਹੇ ਪੰਜਾਬ ਦੀ ਗੱਲ ਕਰਦਾ ਹੈ। ਉਥੇ ਉਹ ਦਿੱਲੀ ਦੇ ਸਫੇਦਪੋਸ਼ਾਂ ਦੇ ਪਰਦੇ ਵੀ ਫਾਸ਼ ਕਰਦਾ ਹੈ। ਉਸਦੀ ਕਵਿਤਾ ਜੀ. ਬੀ. ਰੋਡ :—

"ਕਿ ਇਹ ਜ਼ਰੂਰੀ ਨਹੀਂ
ਦਿੱਲੀ ਦੀ ਇਕ ਬਦੂ ਸੜਕ ਹੀ ਹੋਵੇ
ਇਥੇ ਝੰਡੀ ਵਾਲੀਆਂ ਕਾਰਾਂ 'ਚ ਵੀ
ਖਾਮੋਸ਼ ਵਗਦੀ ਏ
ਦਫ਼ਤਰਾਂ ਦੇ ਦਰਾਜ਼ਾਂ 'ਚ ਵੀ
ਤੇ ਵਕੀਲਾਂ ਦੀ ਬਹਿਸ ਸੁਣੀਆਂ ਐਨਕਾਂ 'ਚ ਵੀ
ਬਹੁਤ ਅਜੀਬ ਹੈ ਦਿੱਲੀ ਮੇਰੇ ਦੋਸਤ।

ਜਦੋਂ ਦੇਸ਼ ਦੀ ਮੁਲੱਖਤਾ ਕੁਰਲਾ ਰਹੀ ਹੋਵੇ, ਜਦੋਂ ਲੋੜਾਂ ਨੂੰ ਪੂਰਿਆਂ ਕਰਨ ਲਈ ਪੜ੍ਹੇ ਲਿਖੇ ਨੌਜੁਆਨ ਵਿਦੇਸ਼ਾਂ ਨੂੰ ਜਾਣ ਲਈ ਮਜਬੂਰ ਹੋਣ, ਜਦੋਂ ਵਿਦੇਸ਼ਾਂ ਵਿਚ ਆਪਣੀ ਹੋਂਦ ਕੱਖਾਂ ਕਾਨਿਆਂ ਤੋਂ ਵੀ ਹੌਲੀ ਹੁੰਦੀ ਹੋਵੇ, ਤਾਂ ਇਹਨਾਂ ਸਾਰੀਆਂ ਗੱਲਾਂ ਦਾ ਸਹੀ-ਸਹੀ ਬਿਆਨ ਸਾਨੂੰ ਇਕਬਾਲ ਰਾਮੂਵਾਲੀਆ ਦੀ ਕਿਤਾਬ "ਕੁਝ ਵੀ ਨਹੀਂ" ਵਿਚੋਂ ਮਿਲਦਾ ਹੈ।

ਇਕਬਾਲ ਜਿਸਦਾ ਨਾਂ ਕ੍ਰਾਂਤੀਕਾਰੀ ਕਵੀਆਂ ਵਿਚ ਜਾਣਿਆ ਜਾਂਦਾ ਹੈ। ਉਸ ਤੋਂ ਹੋਰ ਵੀ ਬਹੁਤ ਸਾਰੀਆਂ ਉਮੀਦਾਂ ਹਨ। ਹਥਲਾ ਕਾਵਿ ਸੰਗ੍ਰਹਿ ਪੰਜਾਬੀ ਸਾਹਿਤ ਨੂੰ ਇਕ ਵਿਸ਼ੇਸ਼ ਦੇਣ ਹੈ। —ਕੇਵਲ ਧਾਲੀਵਾਲ

## ਇਕ ਸੂਚਨਾ—

ਲੌਹੀਆਂ ਨਾਟਕ ਕਲਾ ਕੇਂਦਰ (ਰਜਿ:) ਵਲੋਂ ਦਸਵੀਂ ਵਰੇ ਗੰਢ ਤੇ ਵਿਸ਼ੇਸ਼ ਨਾਟਕ ਸਮਾਗਮ 9 ਮਾਰਚ 1985 ਰਾਤ ਨੂੰ ਕੀਤਾ ਜਾਵੇਗਾ ਇਸ ਪ੍ਰੋਗਰਾਮ ਵਿੱਚ ਅਗਾਂਹ ਵਧੂ ਨਾਟਕਕਾਰ ਸ. ਗੁਰਸ਼ਰਨ ਸਿੰਘ ਅਤੇ ਪਿੰਡ ਪੱਧਰ ਤੇ ਵਧੀਆ ਕਲਾਕਾਰਾਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ ਅਤੇ ਪੰਜਾਬ ਦੇ ਸੰਗਰਾਮੀ ਬਾਬਿਆਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ।

ਵਲੋਂ—ਸਕੱਤਰ ਲੌਹੀਆਂ ਨਾ. ਕ. ਕੇ. (ਰਜਿ:

ਮਨੁੱਖੀ ਰਿਸ਼ਤਿਆਂ ਦੇ ਸੰਦਰਭ ਵਿਚ ਅਸੀਂ ਬੜੇ ਹੀ ਜ਼ਾਬਰ ਸਮਾਜ ਵਿਚ ਜੀ ਰਹੇ ਹਾਂ। ਸ਼ਾਡੇ ਜਜ਼ਬਾਤੀ ਪ੍ਰਤੀਕਰਮ ਹਰ ਰੋਜ਼ ਨਿੱਕੀਆਂ ਨਿੱਕੀਆਂ ਕਹਾਣੀਆਂ ਨੂੰ ਜਨਮ ਦੇ ਰਹੇ ਹਨ। ਇਹ ਦੋ ਕਹਾਣੀਆਂ ਇਸੇ ਸੰਦਰਭ ਵਿਚ ਹਨ, ਜਿਨ੍ਹਾਂ ਦੀ ਖੂਬਸੂਰਤੀ ਉਹਨਾਂ ਦੀ ਸਾਦਗੀ ਹੈ/ਸੰਪਾਦਕ

## 1. ਟੁਕੜ ਬੋਜ/**ਯੁਵਰਾਜ ਸਿੰਘ** ਰਤਨ ਕੈਨੇਡਾ

ਸਰਭਜੀਤ ਨੂੰ ਕੈਨੇਡਾ ਤੋਂ ਪਰਤੇ ਥੋਹੜੇ ਹੀ ਦਿਨ ਹੋਏ ਸਨ। ਉਹ ਆਪਣੇ ਵਿਹੜੇ ਵਿਚ ਬੈਠੀ ਵਾਲਾਂ ਨੂੰ ਕੰਘੀ ਕਰ ਰਹੀ ਸੀ, ਤਦ ਇਕ ਗੁਆਂਢਣ ਨੇ ਆ ਕੇ ਪੁੱਛਿਆ, "ਸਰਭੋ ਇਹੀ ਕੀ,, ਮੈਨੂੰ ਤਾਂ ਤੇਰੇ ਵਾਲਾਂ ਵਿਚੋਂ ਸੰਧੂਰੀ ਮਾਂਗ ਸੱਧਮ ਜਿਹੀ ਲਗਦੀ ਹੈ। ਕੁੜੇ ਸਭ ਸੁਖ-ਸਾਂਦ ਤੇ ਹੈ। ਤੂੰ ਐਨੀ ਛੇਤੀ ਪਰਦੇਸੋਂ ਮੁੜ ਆਈ ਤੇ ਨਾਲੇ ਤੇਰੇ ਚਿਹਰੇ ਤੇ ਰੌਣਕ ਵੀ ਨਹੀਂ ਹੈ।" ਹਾਲੇ ਗੁਆਂਢਣ ਨੇ ਗਲ ਮੁਕਾਈ ਹੀ ਸੀ, ਸਰਭਜੀਤ ਨੇ ਉੱਚੀ ਉੱਚੀ ਭੁੱਬਾਂ ਮਾਰਕੇ ਰੋਣਾ ਸ਼ੁਰੂ ਕਰ ਦਿੱਤਾ। ਉਹਦਾ ਅੰਦਰਲਾ ਪਾਟ ਜਾਣ ਨੂੰ ਕਰਦਾ ਸੀ। ਸਰਭਜੀਤ ਰੋਂਦੀ ਵੀ ਰਹੀ ਤੇ ਉੱਚੀ ਉੱਚੀ ਹਰਮੀਤ ਨੂੰ ਗਾਲਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। "ਹਰਮੀਤ ਤੇਰਾ ਕਖ ਨਾ ਰਹੇ ਤੇ ਤੇਰੇ ਘਰਦਿਆਂ ਦਾ ਵੀ ਕਖ ਨਾ ਰਹੇ ਜਿੰਨ੍ਹਾ ਮੈਨੂੰ ਆਹ ਦਿਨ ਵਿਖਾਏ। ਪਰਦੇਸੋਂ ਆਇਆ ਗਿੰਦਰ ਦਸ ਰਿਹਾ ਸੀ ਕਿ ਕਿਵੇਂ ਸਰਭਜੀਤ ਦੁੱਖਾਂ ਦੀ ਭੱਠੀ ਵਿਚ ਭੁੱਜ ਰਹੀ ਹੈ। ਗਿੰਦਰ ਸਰਭਜੀਤ ਦਾ ਦੂਰੋਂ ਨੇੜਿਉਂ ਰਿਸ਼ਤੇਦਾਰੀ ਵਿਚੋਂ ਸੀ।

ਸੱਤਰਵਿਆਂ ਵਿਚ ਕੈਨੇਡਾ ਖੁਲ੍ਹਣ ਦਾ ਸ਼ੋਰ ਪੰਜਾਬ ਵਿਚ ਪੈ ਚੁੱਕਾ ਸੀ। ਤੇ ਪੰਜਾਬ ਵਿਚੋਂ ਪੜ੍ਹੀ ਲਿਖੀ ਪਨੀਰੀ ਦਾ ਝੁਕਾਵ ਕੈਨੇਡਾ ਵਲ ਵਹੀਰਾਂ ਘੱਤ ਰਿਹਾ ਸੀ। ਹਰਮੀਤ ਨਾਲ ਉਸਦੇ ਪੜ੍ਹਦੇ ਸਾਰੇ ਦੋਸਤ ਇਕ ਇਕ ਕਰਕੇ ਕੈਨੇਡਾ ਪਹੁੰਚ ਰਹੇ ਸੀ। ਪਰ ਹਰਮੀਤ ਦੇ ਘਰਦਿਆਂ ਵਿਚ ਇਨ੍ਹੀ ਹਿੰਮਤ ਨਹੀਂ ਸੀ ਕਿ ਉਸ ਨੂੰ ਕੈਨੇਡਾ ਭੇਜ ਸਕਦੇ। ਜਾਣ ਲੱਗੇ ਹਰਮੀਤ ਦੇ ਦੋਸਤਾਂ ਨੇ ਹਾਮੀ ਜ਼ਰੂਰ ਭਰੀ ਸੀ ਕਿ ਅਸੀਂ ਤੈਨੂੰ ਕਿਵੇਂ ਵੀ ਹੋਵੇ ਕੈਨੇਡਾ ਜ਼ਰੂਰ ਸੱਦ ਲਵਾਂਗੇ।

ਹਰਮੀਤ ਉਨ੍ਹੀਂ ਦਿਨੀਂ ਸਟੂਡੈਂਟ ਯੂਨੀਅਨ ਵਿਚ ਚਿੱਠੀ-ਰਸਾਇਣ ਤੇ ਸੁਨੇਹਾ ਲੈਣ ਦੇਣ ਦਾ ਕੰਮ ਕਰਦਾ ਸੀ। ਸਮਾਂ ਬੀਤਦਾ ਗਿਆ ਤੇ ਹਰਮੀਤ ਦੇ ਦੋਸਤਾਂ ਦੇ ਦਲਾਸੇ ਤੇ ਵਾਹਦੇ ਰਲਵੇਂ ਮਿਲਵੇਂ ਆਉਂਦੇ ਰਹੇ। ਇਸ ਸਮੇਂ ਦੌਰਾਨ ਹਰਮੀਤ ਨੇ ਬੀ. ਏ. ਕਰ ਲਈ ਸੀ, ਪਰ ਉਸ ਨੂੰ ਕੋਈ ਨੌਕਰੀ ਨਹੀਂ ਮਿਲੀ ਸੀ। ਨੌਕਰੀ ਫਿਰ ਸ਼ਿਫਾਰਸ਼ ਤੋਂ ਬਗੈਰ ਭਾਰਤ ਵਿੱਚ ਨਹੀਂ ਮਿਲਦੀ ਤੇ ਹਰਮੀਤ ਕੋਲ ਕੋਈ ਸ਼ਿਫਾਰਸ਼ ਹੈ ਹੀ ਨਹੀਂ ਸੀ। ਹਰਮੀਤ ਦੇ ਘਰ ਦੋ ਡੰਗ ਰੋਟੀ ਪੱਕਣੀ ਵੀ ਦੁੱਬਰ ਹੁੰਦੀ ਜਾਂ ਰਹੀ ਸੀ। ਅਖੀਰ ਉਸਨੂੰ ਥੋਹੜੇ ਪੈਸਿਆਂ ਤੇ ਮਾਸਟਰ ਦੀ ਨੌਕਰੀ ਮਿਲ ਗਈ ਸੀ। ਇਸ ਤਰ੍ਹਾਂ ਨਾਲ ਹਰਮੀਤ ਦੇ ਘਰਦਿਆਂ ਦਾ ਗੁਜ਼ਾਰਾ ਚਲਣ ਲਗਾ, ਪਰ ਹਰਮੀਤ ਦੀ ਨਿਗਾਹ ਹਮੇਸ਼ਾ ਹੀ ਕੈਨੇਡਾ ਵਲ ਰਹਿੰਦੀ। ਕਦੇ ਉਸ ਦੇ ਦੋਸਤ ਉਸ ਨੂੰ ਸੱਦਣ ਤੇ ਉਹ ਵੀ ਕੈਨੇਡਾ ਪਹੁੰਚਦਾ ਹੋਵੇ।

ਸਾਰੇ ਦੋਸਤਾਂ ਵਿਚੋਂ ਨਛੱਤਰ ਹੀ ਹਰਮੀਤ ਦਾ ਜ਼ਿਗਰੀ ਦੋਸਤ ਸੀ ਜੋ ਉਸਦੇ ਹਮੇਸ਼ਾਂ ਹੀ ਅੜੇ ਥੁੜੇ ਕੰਮ ਆਉਂਦਾ ਰਿਹਾ ਸੀ। ਨਛੱਤਰ ਨੇ ਕੈਨੇਡਾ ਆਉਣ ਤੋਂ ਪਹਿਲਾਂ ਆਪਣੀ ਸ਼ਾਦੀ ਸਰਭਜੀਤ ਨਾਲ ਕਰਵਾ ਲਈ ਸੀ। ਹਰਮੀਤ ਹੀ ਨਛੱਤਰ ਦੀ ਮੰਗੇਤਰ ਨੂੰ ਵੇਖਕੇ ਆਇਆ ਸੀ ਤੇ ਉਸ ਦੇ ਵੇਖਣ ਮਗਰੋਂ ਹੀ ਨਛੱਤਰ ਨੇ ਹਾਂ ਕੀਤੀ ਸੀ।

ਕੈਨੇਡਾ ਵਿਚਲੇ ਸਾਰੇ ਦੋਸਤਾਂ ਨੇ ਆਪਣੇ ਵਿਤ ਅਨੁਸਾਰ ਮੱਦਤ ਕਰਕੇ ਹਰਮੀਤ ਨੂੰ ਵੀ ਕੈਨੇਡਾ ਬੁਲਾ ਲਿਆ ਸੀ। ਨਛੱਤਰ ਨੇ ਜਿਗਰੀ ਦੋਸਤ ਦੇ ਨਾਤੇ ਹਰਮੀਤ ਨੂੰ ਮੰਗਾਉਣ ਵਿਚ ਸਭ ਤੋਂ ਜ਼ਿਆਦਾ ਹਿੱਸਾ ਪਾਇਆ ਸੀ। ਪਰ ਕੈਨੇਡਾ ਆਉਣ ਤੋਂ ਪਹਿਲਾਂ ਹਰਮੀਤ ਚਿੱਠੀ ਰਸਾਇਣ ਤੋਂ ਤਰੱਕੀ ਕਰਕੇ ਸਟੂਡੈਂਟ ਯੂਨੀਅਨ ਵਿਚ ਦਿਲਚਸਪੀ ਲੈਣ ਲਗ ਪਿਆ ਸੀ। ਕਦੇ ਕਦਾਈਂ ਉਸ ਦੇ ਘਰ ਵੀ 'ਯੂਨੀਅਨ' ਦੀ ਮੀਟਿੰਗ ਹੁੰਦੀ ਸੀ। ਪਰ ਜਦੋਂ ਯੂਨੀਅਨ ਦੇ ਮੈਂਬਰ ਨੂੰ ਭਿਣਕ ਪਈ ਕਿ ਹਰਮੀਤ ਵੀ ਕੈਨੇਡਾ ਜਾ ਰਿਹਾ ਹੈ ਤਦ ਉਨ੍ਹਾਂ ਦਾ ਵਿਸ਼ਵਾਸ ਹਰਮੀਤ ਪ੍ਰਤੀ ਉੱਡ ਚੁੱਕਾ ਸੀ।

ਹਰਮੀਤ ਨੇ ਕੈਨੇਡਾ ਵਿਚ ਆ ਕੇ ਆਪਣੀ ਅਖੌਤੀ ਇਨਕਲਾਬੀ ਚਰ੍ਹਿਤ੍ਰ ਨੂੰ ਕਾਇਮ ਰੱਖਣ ਦਾ ਢੌਂਗ ਰਚਿਆ। ਆਉਂਦੇ ਸਾਰ ਹੀ ਕੈਨੇਡਾ ਵਿਚਲੇ ਦੋਸਤਾਂ ਵਿਚ ਮਾਰਕਸੀ-ਮਾਰਕੇ ਬਾਜ਼ੀ ਦੀਆਂ ਗਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਜਦ ਵੀ ਸਾਰੇ ਦੋਸਤ ਇਕੱਠੇ ਹੁੰਦੇ ਹਰਮੀਤ ਉਹਨਾਂ ਵਿਚ ਹਰੇ ਘੁਲਾਟੀਏ ਦੀ ਤਰ੍ਹਾਂ ਭਾਰਤ ਵਿਚਲੀਆਂ ਘਟਨਾਵਾਂ ਨੂੰ ਲੂਣ-ਮਸਾਲਾ ਲਾ ਲਾ ਪੇਸ਼ ਕਰਦਾ। ਦੋਸਤਾਂ ਦੀ ਢਾਣੀ ਬਹਿੰਦੀ ਰਹੀ ਤੇ ਹਰਮੀਤ ਦੇ ਬਾਰੂਦ-ਗਪੌੜ ਚਲਦੇ ਰਹੇ। ਧੀਰੇ ਧੀਰੇ ਹਰਮੀਤ ਦੇ ਦੋਸਤਾਂ ਨੂੰ ਪਤਾ ਚਲ ਗਿਆ ਸੀ ਕਿ ਹਰਮੀਤ ਦੇ ਅੰਦਰ ਜਦੋਂ ਵਿਸਕੀ ਦੀਆਂ ਦੋ-ਘੁੱਟਾਂ ਸੰਘ ਵਿਚ ਦੀ ਜਾਂਦੀਆਂ ਤੇ ਉਧਰ

ਉਸਦੀ ਗਲਾਂ ਦੀ ਲੜੀ ਦਾ ਸਿਲਸਲਾ ਸ਼ੁਰੂ ਹੋ ਜਾਂਦਾ। ਹਰਮੀਤ ਦੇ ਦੋਸਤ ਹੁੰਗਾਰਾ ਭਰਦੇ ਤਾਂ ਥੱਕ ਜਾਂਦੇ ਪਰ ਉਹ ਆਪ ਕਦੇ ਨਾ ਥੱਕਦਾ। ਹਰਮੀਤ ਆਪਣੇ ਦੋਸਤਾਂ ਵਿਚ ਕਾਮਰੇਡ ਦੇ ਨਾਂ ਨਾਲ ਯਾਦ ਕੀਤਾ ਜਾਂਦਾ। ਸੱਥ ਵਿਚ ਬੈਠੇ ਖੁੰਡ-ਪਰਧਾਨ ਜ਼ਿਆਦਾ ਬੋਲਣ ਵਾਲੇ ਦੇ ਨਾਂ ਪਿਛੇ ਕਾਮਰੇਡ ਦਾ ਫੱਟਾ ਲਾ ਦਿੰਦੇ ਹਨ। ਸੋ ਇਹ ਆਹੁਦਾ ਹਰਮੀਤ ਦੇਸੋਂ ਆਉਂਦਾ ਹੋਇਆ ਨਾਲ ਹੀ ਲੈ ਕੇ ਆਇਆ ਸੀ।

ਹਰਮੀਤ ਨੇ ਕੈਨੇਡਾ ਪਹੁੰਚਕੇ ਨਛੱਤਰ ਦੇ ਸਾਰੇ ਕਾਰਨਾਮੇ ਵੇਖ ਲਏ ਸਨ। ਹਰਮੀਤ ਦਾ ਜਿਗਰੀ ਦੋਸਤ ਇਥੋਂ ਦੀ ਕਲੱਬਾਂ ਵਿਚ ਹਮੇਸ਼ ਦੀ ਤਰ੍ਹਾਂ ਜਾਂਦਾ ਰਿਹਾ, ਨੰਗੇ ਨਾਚ ਵੇਖਦਾ ਤੇ ਇਸ ਤੋਂ ਵੱਧ ਜੋ ਪੱਛਮੀ ਸਭਿਅਤਾ ਵਿਚ ਹੁੰਦਾ ਹੈ, ਉਸਦੇ ਹਮਾਮ ਵਿਚ ਵੀ ਤਾਰੀਆਂ ਲਾਉਂਦਾ। ਨਛੱਤਰ ਨੂੰ ਪੱਛਮੀ ਸਭਿਅਤਾ ਨੇ ਆਪਣਾ ਗੁਲਾਮ ਬਣਾ ਲਿਆ ਸੀ।

ਹਰਮੀਤ ਇਹ ਸਭ ਕੁਝ ਵੇਖਦਾ ਹੋਇਆ ਵੀ ਅਣਡਿੱਠ ਕਰ ਰਿਹਾ ਸੀ। ਨਛੱਤਰ ਨੇ ਹੀ ਹਰਮੀਤ ਦੀ ਸਭ ਤੋਂ ਜ਼ਿਆਦਾ ਮੱਦਤ ਕੈਨੇਡਾ ਆਉਣ ਵਿਚ ਕੀਤੀ ਸੀ। ਹਰਮੀਤ ਲਈ ਨਛੱਤਰ ਅੰਨਦਾਤੇ ਤੋਂ ਵੱਧ ਨਜ਼ਰ ਆ ਰਿਹਾ ਸੀ। ਤੇ ਫਿਰ ਨਛੱਤਰ ਨੇ ਸਾਰੀ ਮਾਲੀ ਮੱਦਤ ਵੀ ਜਿਗਰੀ ਦੋਸਤ ਦੇ ਨਾਤੇ ਮੁਆਫ਼ ਕਰ ਦਿੱਤੀ ਸੀ। ਭਾਵੇਂ ਹਰਮੀਤ ਦੇ ਉਸਾਰੂ ਤੇ ਇਨਕਲਾਬੀ ਖਿਆਲਾਂ ਦੇ ਬਿਲਕੁਲ ਉੱਲਟ ਸੀ, ਪਰ ਦੂਸਰੇ ਪਾਸੇ ਹਰਮੀਤ ਨੂੰ ਆਪਣਾ ਤੇ ਉਸਦੇ ਘਰਦਿਆਂ ਦਾ ਭਵਿੱਖ ਉਜਾਲਾ ਨਜ਼ਰ ਆ ਰਿਹਾ ਸੀ। ਇਸੇ ਸੱਦਕਾ ਅੱਜ ਹਰਮੀਤ ਦਾ ਸਾਰਾ ਪਰਵਾਰ ਕੈਨੇਡਾ ਵਿਚ ਸੀ। ਇਸ ਸਾਰੇ ਸਮੇਂ ਵਿਚ ਹਰਮੀਤ ਦੀ ਸ਼ਕਤੀ ਪੈਸੇ ਕਮਾਕੇ ਘਰਦਿਆਂ ਨੂੰ ਸੱਦਣ ਵਿਚ ਲਗੀ ਸੀ—ਦੋਸਤਾਂ ਦੀਆਂ ਬੈਠਕਾਂ ਹੁਣ ਕਦੇ-ਕਦਾਈਂ ਬੈਠਣ ਲੱਗੀਆਂ। ਹਰਮੀਤ ਵੀ ਸਿਰ ਸੁੱਟਕੇ ਡਾਲਰਾਂ ਨੂੰ ਜੋੜਨ ਦੇ ਚੱਕਰ ਵਿਚ ਪੈ ਚੁੱਕਾ ਸੀ।

ਹਰਮੀਤ ਦੇ ਪਰਵਾਰ ਨਾਲ ਹੀ ਸਰਭਜੀਤ ਵੀ ਕੈਨੇਡਾ ਆ ਗਈ ਸੀ। ਉਨ੍ਹੀਂ ਦਿਨੀਂ ਨਛੱਤਰ ਨੇੜਲੇ ਸ਼ਹਿਰ ਰਹਿੰਦਾ ਸੀ। ਸਰਭਜੀਤ ਨੇ ਆਉਂਦੇ ਸਾਰੇ ਕੀ ਵੇਖਿਆ ਨਛੱਤਰ ਦਾ ਉਸ ਪ੍ਰਤੀ ਵਰਤਾਉ ? ਜਿਸ ਵਿਚ ਰੱਤੀ ਭਰ ਵੀ ਸਨੇਹ ਜਾਂ ਪਿਆਰ ਨਹੀਂ ਸੀ। ਉਸ ਵਿਚ ਭਾਰਤ ਵਾਲਾ ਨਛੱਤਰਪੁਣਾ ਕਿਤੇ ਦਿਸ ਵੀ ਨਹੀਂ ਰਿਹਾ ਸੀ।

ਸਰਭਜੀਤ ਭੁੱਖੀ-ਭਾਣੀ ਹਰ ਰੋਜ਼ ਬੀਤੀ ਰਾਤ ਤੱਕ ਨਛੱਤਰ ਦਾ ਇੰਤਜ਼ਾਰ ਕਰਦੀ ਰਹਿੰਦੀ। ਜਦੋਂ ਨਛੱਤਰ ਘਰ ਆਉਂਦਾ ਤਾਂ ਸ਼ਰਾਬ ਨਾਲ ਪੂਰਾ ਰੱਜਿਆ ਹੁੰਦਾ ਤੇ ਅੰਦਰ ਵੜਦਾ ਹੀ ਗਾਲਾਂ ਦੀ ਬੁਛਾੜ ਕਰਨੀ ਸ਼ੁਰੂ ਕਰ ਦਿੰਦਾ।" ਤੂੰ ਹਾਲੇ ਤੀਕ ਸੁੱਤੀ ਨਹੀਂ, ਤੈਨੂੰ ਮੇਰਾ ਇੰਤ-ਜ਼ਾਰ ਕਰਨ ਦੀ ਲੋੜ ਨਹੀਂ, ਆਪਣੀ ਰੋਟੀ ਖਾਧੀ ਤੇ ਸੌਂ ਗਈ। ਇਥੇ ਕੋਈ ਕਿਸੇ ਦੀ ਉਡੀਕ ਨਹੀਂ ਕਰਦਾ ਤੇ ਨਾਂ ਹੀ ਕਿਸੇ ਲਈ ਐਨਾ ਸਮਾਂ ਹੈ।" ਹਰ ਰੋਜ਼ ਹੀ ਇਸੇ ਤਰ੍ਹਾਂ ਦਾ ਚੱਕਰ ਚਲਦਾ ਰਿਹਾ। ਸਰਭਜੀਤ ਨਛੱਤਰ ਵਿਚ ਲੋਹੜੇ ਦਾ ਅੰਤਰ ਵੇਖ ਰਹੀ ਸੀ।

ਨਛੱਤਰ ਬੀਤੀ ਰਾਤ ਆਉਂਦਾ, ਗਾਲੀ-ਗਲੋਚ ਤੇ ਧੋਲ-ਧੱਫਾ ਕਰਕੇ ਸੌਂਦਾ। ਸਰਭਜੀਤ ਅਰਮਾਨਾਂ ਦੀ ਪੰਡ ਲੈਕੇ ਹਵਾਈ ਜਹਾਜ ਵਿਚ ਬੈਠੀ ਸੀ। ਅੱਜ ਉਹ ਸਾਰੇ ਅਰਮਾਨ ਇਕ ਇਕ ਕਰਕੇ ਪੱਛਮੀ ਸਭਿਅਤਾ ਨੇ ਆਪਣੀ ਕਤਲਗਾਹ ਦੀ ਲਪੇਟ ਵਿਚ ਲੈ ਗਏ ਸਨ। ਹਰ ਰੋਜ ਦੀ ਮਾਰ ਕੁਟਾਈ ਤੇ ਗਾਲੀ-ਗਲੋਚ ਮਗਰੋਂ ਇਕ ਦਿਨ ਆਇਆ ਜਦੋਂ ਨਛੱਤਰ ਨੇ ਧੱਕੇ ਮਾਰ ਕੇ ਸਰਭਜੀਤ ਨੂੰ ਘਰੋਂ ਬਾਹਰ ਕੱਢ ਦਿੱਤਾ ਸੀ। ਬੇਗਾਨਾ ਮੁਲਕ ਤੇ ਸਭ ਵੱਲੋਂ ਅਣਜਾਣ। ਸਰਭਜੀਤ ਨੂੰ ਘਰੋਂ ਬਾਹਰ ਕੱਢ ਕੇ ਨਛੱਤਰ ਨੇ ਹਰਮੀਤ ਨੂੰ ਫੂਨ ਕੀਤਾ ਤੇ ਕਿਹਾ, "ਮੈਂ ਸਰਭਜੀਤ ਨੂੰ ਤੇਰੇ ਕੋਲ ਭੇਜ ਰਿਹਾ ਹਾਂ ਤੇ ਤੂੰ ਇਸ ਨੂੰ ਕਿਸੇ ਤਰ੍ਹਾਂ ਵੀ ਪਹੁੰਚਦਾ ਕਰ। ਇਹ ਹੁਣ ਤੇਰੀ ਜ਼ੁੰਮੇਵਾਰੀ ਹੈ। ਅੱਗਲੀ ਸਵੇਰ ਸਰਭਜੀਤ ਹਰਮੀਤ ਦੇ ਪ੍ਰਰਵਾਰ ਵਿਚ ਸੀ।

ਸਰਭਜੀਤ ਦੀਆਂ ਸਾਰੀਆਂ ਖੁਸ਼ੀਆਂ ਛਾਈਂ ਮਾਈਂ ਹੋ ਗੁਈਆਂ ਸਨ। ਉਸਨੂੰ ਆਪਣਾ ਭਵਿੱਖ ਧੁਆਂਖਿਆ ਨਜ਼ਰ ਆ ਰਿਹਾ ਸੀ। ਖੂਹ ਵਿਚੋਂ ਨਿਕਲਕੇ ਸਰਭਜੀਤ ਖਾਤੇ ਵਿਚ ਜਾ ਡਿੱਗੀ ਸੀ—ਉਸਨੂੰ ਕੱਢਣ ਵਾਲਾ ਕਈ ਨਹੀਂ ਸੀ।

ਹਰਮੀਤ ਦੇ ਪ੍ਰਰਵਾਰ ਵੱਲੋਂ ਹਰ ਰੋਜ਼ ਤਾਹਨੇ-ਮਿਹਣੇ ਸੁਣ ਸੁਣ ਉਸਦਾ ਅੰਦਰਲਾ ਪਾਟ ਜਾਣ ਨੂੰ ਕਰਦਾ ਸੀ। ਸਰਭਜੀਤ ਦਾ ਇਸ ਦੁੱਖ ਘੜੀ ਵਿਚ ਕੋਈ ਵੀ ਸਾਨੀ ਨਹੀਂ ਸੀ ਜਿਸ ਕੋਲ ਮਨ ਵਿਚ ਆਏ ਜਵਾਰ-ਭਾਟੇ ਨੂੰ ਉਗਲੱਛ ਸਕਦੀ। ਹਰਮੀਤ ਦਾ ਪਰਿਵਾਰ ਸਰਭਜੀਤ ਦੀ ਖਿਲੀ ਉਡਾਉਂਦਾ ਰਿਹਾ। ਹੁਣ ਤੀਕ ਬੀਤਿਆ ਸਮਾਂ ਸਰਭਜੀਤ ਲਈ ਇਕ ਸਦੀ ਤੋਂ ਵੱਧ ਲਗ ਰਿਹਾ ਸੀ।

ਹਰਮੀਤ ਦਾ ਇਨਕਲਾਬੀਪਣਾ ਨਛੱਤਰ ਦੇ ਅਹਿਸਾਨਾਂ ਮੂਹਰੇ ਕਦੋਂ ਦਾ ਦੱਮ ਘੁੱਟਕੇ ਮਰ ਚੁੱਕਾ ਸੀ। ਉਸ ਵਿਚ ਐਨੀ ਵੀ ਹਿੰਮਤ ਨਹੀਂ ਸੀ ਕਿ ਉਹ ਇਕ ਵੇਰਾਂ ਤਾਂ ਨਛੱਤਰ ਨੂੰ ਕਹੇ ਕਿ ਇਸ ਕੁਰਾਹੇ ਰਾਹ ਨੂੰ ਛਡ ਕੇ ਸਰਭਜੀਤ ਨੂੰ ਆਪਣੇ ਕੋਲ ਵਾਪਸ ਬੁਲਾ ਲੈ। ਨਛੱਤਰ ਦੀਆਂ ਕੀਤੀਆਂ ਹਰਮੀਤ ਪ੍ਰਤੀ ਮਿਹਰਬਾਨੀਆਂ ਅੱਜ ਉਹ ਉਸਨੂੰ ਅੰਨਦਾਤੇ ਦੇ ਰੂਪ ਵਿਚ ਵੇਖ ਰਿਹਾ ਸੀ। ਬੜਬੋਲੇ ਹਰਮੀਤ ਦੇ ਮੂੰਹ ਤੇ ਜਿਸ ਤਰ੍ਹਾਂ ਕਿਸੇ ਜਿੰਦਰਾ ਮਾਰ ਦਿੱਤਾ ਹੋਵੇ।

ਬੇ-ਸਹਾਰਾ ਸਰਬਜੀਤ ਲੁੱਟੇ-ਸੁਹਾਗ ਨੂੰ ਭਾਰਤ ਵਾਪਸ ਲੈ ਆਈ ਸੀ। ਉਨ੍ਹੀਂ ਦਿਨੀਂ ਮਿੰਦਰ ਵੀ ਦੇਸ ਗਿਆ ਹੋਇਆ ਸੀ। ਸਰਬਜੀਤ ਦੀ ਹੱਡ-ਬੀਤੀ ਸੁਣਕੇ ਸੁਣਕੇ ਉਸਦੇ ਸਰੀਰ ਦੇ ਸਾਰੇ ਲੂੰ ਕੰਡੇ ਖੜੇ ਹੋ ਗਏ ਸਨ ਤੇ ਉਸਦਾ ਚਿਹਰਾ ਲਾਲ ਸੂਹਾਂ ਹੋਇਆ ਪਿਆ ਸੀ—

ਸਰਭਜੀਤ ਪਾਗਲਾਂ ਦੀ ਤਰ੍ਹਾਂ ਹਾਸਾ ਹੱਸਦੀ ਉੱਚੀ ਉੱਚੀ ਹਰਮੀਤ ਨੂੰ ਗਾਲਾਂ ਕਢੀ ਜਾ ਰਹੀ ਸੀ। ਸਰਬਜੀਤ ਦੇ ਘਰ ਦਾ ਜਲਦਾ ਚਰਾਗ ਵੀ ਰੌਸ਼ਨੀ ਨਹੀਂ ਦੇ ਰਿਹਾ ਸੀ। o

## ਫਲ ਬਨਾਮ ਹੱਕ—ਨੂਰ ਸੰਤੋਖਪੁਰੀ

ਆਮ ਆਦਮੀ ਨੂੰ ਸਦਾ ਹੀ ਆਪਣੇ ਹੱਕਾਂ ਦੀ ਖ਼ਾਤਿਰ ਲੜਨਾ ਪਿਆ ਹੈ, ਜੂਝਣਾ ਪਿਆ ਹੈ। ਹੱਕਾਂ ਦੀ ਇਸ ਲੜਾਈ ਵਿਚ ਉਸਦੀ ਜਿੱਤ ਤਾਂ ਕਦੀ-ਕਦਾਈਂ ਹੀ ਹੋਈ ਹੈ, ਪਰ ਹਾਰ ਦਾ ਮੂੰਹ ਉਸਨੂੰ ਜ਼ਿਆਦਾ ਵਾਰੀ ਵੇਖਣਾ ਪਿਆ ਹੈ। ਕਈ ਵਾਰੀ ਇਹ ਆਮ ਆਦਮੀ ਆਪਣੇ ਕਿਸੇ ਜਾਇਜ਼ ਹੱਕ ਨੂੰ ਆਪਣੀ ਖ਼ਾਹਸ਼ ਦਾ ਨਾਂਅ ਦੇ ਕੇ ਤੇ ਕਿਸਮਤ ਦਾ ਰੋਣਾ ਰੋ ਕੇ ਉਸਨੂੰ ਪ੍ਰਾਪਤ ਕਰਨ ਦਾ ਯਤਨ ਹੀ ਨਹੀਂ ਕਰਦਾ, ਸਗੋਂ ਹਉਕੇ ਭਰਦਾ ਰਹਿੰਦਾ ਹੈ।

ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਦੀ ਇੱਕ ਤੁੱਕ ਹੈ, "ਹੱਕ ਜਿਨ੍ਹਾਂ ਦੇ ਆਪਣੇ ਆਪੇ ਲੈਣਗੇ ਖੋਹ।" ਜੱਦ-ਜੱਦ ਵੀ ਹੇਠਲੇ ਤਬਕੇ ਨੂੰ ਆਪਣੇ ਹੱਕ (ਹੱਕਦਾਰ ਹੁੰਦਿਆਂ ਹੋਇਆਂ ਵੀ) ਨ੍ਹਹੀਂ ਮਿਲੇ, ਤਾਂ ਉਸਨੂੰ ਮਹਾਂਯੁੱਧ ਵਰਗੀ ਲੜਾਈ ਮੋਟੇ-ਢਿੱਡ ਵਾਲਿਆਂ ਦੇ ਵਿਰੁੱਧ ਲੜਨੀ ਪਈ ਹੈ,—ਆਪਣੇ ਹੱਕ ਮਿਲਦੇ ਨਾ ਵੇਖਕੇ, ਉਨ੍ਹਾਂ ਨੂੰ ਖੋਹਣ ਲਈ। ਤੇ ਇਸ ਲੜਾਈ ਵਿਚ ਆਮ-ਆਦਮੀ ਨੂੰ ਕਈ ਵੇਰਾਂ ਆਪਣੀ ਜਾਨ ਤੋਂ ਹੱਥ ਵੀ ਧੋਣੇ ਪਏ ਹਨ।

ਇੱਥੇ ਮੈਂ ਜਿਸ ਇਨਸਾਨ ਬਾਰੇ ਤੁਹਾਨੂੰ ਕੁਝ ਦੱਸਣ ਜਾ ਰਿਹਾ ਹਾਂ, ਉਹ ਵੀ ਇਕ ਆਮ-ਆਦਮੀ ਹੀ ਹੈ। ਇਸਦਾ ਨਾਂਅ ਭੋਲਾ ਹੈ। ਭੋਲਾ ਦਿਹਾੜੀਦਾਰ ਹੈ। ਉਸਦੀ ਉਮਰ ਕੋਈ ਪੰਜਾਹ ਕੁ ਵਰ੍ਹਿਆਂ ਦੀ ਹੈ। ਜੇ ਸਰੀਰਕ-ਪੱਖੋਂ ਐਨਾ ਨਰੋਇਆ ਨਹੀਂ ਤਾਂ ਵੀ ਉਹ ਦੇਖਣ ਵਿਚ ਇੰਨਾ ਮਾੜਾ ਨਹੀਂ ਲਗਦਾ। ਜਦੋਂ ਵੀ ਉਸਨੂੰ ਕਿਤੇ ਮਜ਼ਦੂਰੀ ਮਿਲਦੀ ਹੈ, ਤਾਂ ਉਹ ਹੱਡ-ਭੰਨਵੀਂ ਮਿਹਨਤ ਕਰਦਾ ਹੈ। ਸਿਰਫ਼ ਆਖਣੇ ਵਾਸਤੇ ਹੀ ਨਹੀਂ, ਆਪਣੇ ਖਰਿਵਾਰ ਲਈ ਵੀ। ਉਹ ਆਪ, ਉਹਦੀ ਘਰ ਵਾਲੀ, ਦੋ ਜਵਾਨ ਕੁੜੀਆਂ, ਚਹੁੰ ਜੀਆਂ ਦਾ ਪਰਿਵਾਰ ਹੈ।

ਭੋਲੇ ਦੀ ਕਦੀ ਦਿਹਾੜੀ ਲਗਦੀ ਹੈ, ਕਦੀ ਨਹੀਂ। ਮਤਲਬ ਕਿ ਕਿਸੇ ਦਿਨ ਹੀ ਉਹਦਾ ਪਰਿਵਾਰ ਰੱਜੇ-ਢਿੱਡ ਸੌਂਦਾ ਹੈ। ਵੈਸੇ ਤਾਂ ਉਹਦੀਆਂ ਦੋਨੋਂ ਜੁਆਨ ਕੁੜੀਆਂ ਵੀ ਇਹ ਉਤਸੁਕਤਾ ਵਿਖਾਉਂਦੀਆਂ ਨੇ ਕਿ ਉਹ ਆਪਣੇ ਪਿਓ ਦੀ ਕੁਝ ਸਹਾਇਤਾ ਕਰਨ। ਪਰ ਭੋਲੇ ਨੇ ਉਨ੍ਹਾਂ ਨੂੰ ਹਦਾਇਤ ਕੀਤੀ ਹੋਈ ਹੈ, ਕਿ ਘਰੋਂ ਬਾਹਰ ਬਿਨਾਂ ਮਤਲਬੋਂ ਕਿਤੇ ਨਹੀਂ ਜਾਣਾ। ਅੱਜ ਕਲ ਦੇ ਜ਼ਮਾਨੇ ਦੇ ਲੋਕਾਂ ਤੋਂ ਉਹ ਬਹੁਤ ਡਰਦਾ ਹੈ। ਉਹਦੀ ਸਦਾ ਬੀਮਾਰ ਰਹਿਣ ਵਾਲੀ ਘਰ ਵਾਲੀ ਤੇ ਉਹ ਆਪਣੀਆਂ ਵਿਆਹੁਣ ਵਾਲੀਆਂ ਜਵਾਨ ਦੋ ਧੀਆਂ ਨੂੰ ਵੇਖ-ਵੇਖਕੇ ਹਉਕਿਆਂ ਦੀ ਛੁਰੀ ਨਾਲ ਆਪਣੇ ਦਿਲ ਨੂੰ ਵਿੰਨ੍ਹਦੇ ਰਹਿੰਦੇ ਨੇ।

ਭੋਲੇ ਕੋਲੋਂ ਜਿੰਨਾ ਹੁੰਦਾ ਹੈ, ਆਪਣੀ ਬੀਮਾਰ ਪਤਨੀ ਦਾ ਇਲਾਜ ਕਰਵਾਉਂਦਾ ਹੈ। ਉਹਦੀ ਪਤਨੀ ਦੀ ਬੀਮਾਰੀ ਇਹੋ ਜਿਹੀ ਹੈ ਕਿ ਲਗਦੈ, ਕਿ ਉਹ ਮੁੱਕੇਗੀ ਤਾਂ ਬੀਮਾਰੀ ਉਹਦਾ ਖਹਿੜਾ ਛੱਡੇਗੀ।

ਫੱਲ, ਜੋ ਕਿ ਡਾਕਟਰ ਆਮ ਤੌਰ 'ਤੇ ਬੀਮਾਰਾਂ ਨੂੰ ਖਾਣ ਦੀ ਹਦਾਇਤ ਕਰਦੇ ਨੇ, ਭੋਲਾ ਕਦੀ ਵੀ ਆਪਣੀ ਪਤਨੀ ਨੂੰ ਕੋਈ ਫੱਲ ਲਿਆਕੇ ਨਹੀਂ ਦੇ ਸਕਿਆ। ਉਹਦਾ ਵਿਚਾਰ ਏ, ਜੇ ਉਨ੍ਹਾਂ ਵਰਗਿਆਂ ਨੂੰ ਢਿੱਡ ਭਰਕੇ ਰੋਟੀ ਮਿਲੀ ਜਾਵੇ, ਤਾਂ ਉਹੀ ਬਹੁਤ ਹੈ। ਫੱਲ ਦੀ ਗੱਲ ਜਿਵੇਂ ਉਹਦੇ ਵਰਗੇ ਸੋਚ ਹੀ ਨਹੀਂ ਸਕਦੇ। ਨਾਲੇ ਅੱਜ ਕਲ ਫੱਲ ਐਨੇ ਮਹਿੰਗੇ ਹੋ ਗਏ ਨੇ ਕਿ ਗ਼ਰੀਬ ਆਦਮੀ ਉਨ੍ਹਾਂ ਦਾ ਰੇਟ ਫੱਲ-ਵੇਚਣ ਵਾਲਿਆਂ ਤੋਂ ਪੁੱਛਦਾ ਡਰਦਾ ਰਹਿੰਦਾ ਹੈ, ਝਿਜਕਦਾ ਰਹਿੰਦਾ ਹੈ। ਅੱਗ ਲਗਣੀ ਇਸ ਮਹਿੰਗਾਈ ਨੇ ਸਾਰੀਆਂ ਚੀਜ਼ਾਂ ਨੂੰ ਆਪਣੀ ਲਪੇਟ ਵਿਚ ਲੈ ਰੱਖਿਆ ਹੈ।

ਭੋਲੇ ਦੇ ਦਿਮਾਗ਼ ਵਿਚ ਕਦੀ-ਕਦੀ ਇਹ ਖ਼ਿਆਲ ਜ਼ਰੂਰ ਗੇੜੇ ਕੱਢਣ ਲਗ ਪੈਂਦਾ ਹੈ ਕਿ ਜਿੰਨੀ ਉਹ ਹੱਡ-ਭੰਨਵੀਂ ਮਿਹਨਤ ਕਰਦਾ ਹੈ, ਓਨਾ ਉਸਨੂੰ ਉਸਦਾ ਫੱਲ ਨਹੀਂ ਮਿਲਦਾ। ਪਤਾ ਨਹੀਂ ਕਿਉਂ? ਕੀ ਇਹ ਉਹਦਾ ਹੱਕ ਨਹੀਂ? ਪਤਾ ਨਹੀਂ ਉਹ ਆਪਣਾ ਹੱਕ ਪ੍ਰਾਪਤ ਕਿਉਂ ਨਹੀਂ ਕਰ ਸਕਦਾ? ਉਸਨੂੰ ਉਹ ਲੋਕ ਮੂਰਖ ਲਗਦੇ ਨੇ, ਜੋ ਇਹ ਕਹਿੰਦੇ ਨੇ ਕਿ ਬੰਦੇ ਨੂੰ ਚੁਪ ਚਾਪ ਮਿਹਨਤ ਕਰੀ ਜਾਣੀ ਚਾਹੀਦੀ ਹੈ, ਫੱਲ ਦੀ ਖ਼ਾਹਸ਼ ਨਹੀਂ ਕਰਨੀ ਚਾਹੀਦੀ। ਫੱਲ ਦੀ ਪ੍ਰਾਪਤੀ ਤਾਂ ਰੱਬ ਦੀ ਕ੍ਰਿਪਾ ਨਾਲ ਹੁੰਦੀ ਹੈ। ਫਿਰ ਉਹ ਬੁੜਬੁੜਾਂਦਾ ਹੋਇਆ ਹੌਲੀ ਜਿਹੀ ਕਹੇਗਾ, "ਭੂਤਨੀ ਦਾ ਰੱਬ ਆਪ ਮਿਹਨਤ ਕਰਦਾ ਨਹੀਂ। ਉਹ ਆਪ ਸਾਡੇ ਵਾਂਗ ਖ਼ੂਨ-ਪਸੀਨਾ ਇਕ ਕਰੇ, ਤਾਂ ਉਸਨੂੰ ਪਤਾ ਲੱਗੇ ਕਿ ਉਦੋਂ ਮਨ ਕਿੰਨਾ ਦੁਖੀ ਹੁੰਦਾ ਹੈ, ਜਦੋਂ ਮੇਰੇ ਵਰਗੇ ਮਿਹਨਤ ਕਰਦੇ ਨੇ ਤੇ ਉਸਦਾ ਫੱਲ ਹੋਰਨਾਂ ਨੂੰ ਮਿਲਦਾ ਹੈ।"

ਜਿਸ ਡਾਕਟਰ ਪਾਸੋਂ ਭੋਲਾ ਕਦੀ-ਕਦਾਈਂ ਆਪਣੀ ਬੀਮਾਰ ਪਤਨੀ ਵਾਸਤੇ ਦਵਾਈ ਲੈਕੇ ਜਾਂਦਾ ਹੈ, ਉਹ ਡਾਕਟਰ ਕਈ ਵਾਰੀ ਉਸਨੂੰ ਆਖਦੇ ਕਿ ਤੂੰ ਆਪਣੀ

ਘਰਵਾਲੀ ਨੂੰ ਫਲਾਂ ਦਾ ਜੂਸ, ਫਲ ਆਦਿ ਜਰੂਰ ਖਾਣੇ ਨੂੰ ਦਿਆ ਕਰ। ਉਦੋਂ ਉਹ ਮਨ ਮਾਰਕੇ ਡਾਕਟਰ ਦੀ ਹਦਾਇਤ ਚੁਪਚਾਪ ਸੁਣ ਲੈਂਦਾ ਹੈ, ਮੂੰਹੋਂ ਕੁਝ ਨਹੀਂ ਕਹਿੰਦਾ। ਜਿਵੇਂ ਕੁਝ ਕਹਿਣ ਲਈ ਉਸਨੂੰ ਬੜੇ ਹੌਂਸਲੇ ਦੀ ਲੋੜ ਹੁੰਦੀ ਹੈ। ਤੇ ਆਪਣੀ ਬੀਮਾਰ ਘਰਵਾਲੀ ਨੂੰ ਫੱਲ ਨਾ ਲਿਆਕੇ ਦੇ ਸਕਣਾ, ਉਸਨੂੰ ਉਸੇ ਤਰ੍ਹਾਂ ਜਾਪਦਾ ਹੈ, ਜਿਵੇਂ ਉਹ ਆਪਣਾ ਇਕ ਹੋਰ ਹੱਕ ਪ੍ਰਾਪਤ ਨਹੀਂ ਕਰ ਸਕਿਆ।

ਫੱਲ ਖਾਣ ਤਾਂ, ਭੇਲੇ ਦਾ ਵੀ ਬੜਾ ਜੀਅ ਕਰਦਾ ਹੈ। ਇਹ ਉਸਦੀ ਇੱਛਾ ਹੈ ਕਿ ਉਹ ਵੀ ਕੋਈ 'ਫਰੂਟ' ਖਾਏ। ਉਸਦੀ ਇਹ ਇੱਛਾ ਉਸਨੂੰ ਆਪਣੀ ਨਾ ਪੂਰੀ ਹੋ ਸਕਣ ਵਾਲੀ ਇਕ ਤਮੰਨਾ ਵਾਂਗ ਹੀ ਲਗਦੀ ਹੈ, ਹੱਕ ਨਹੀਂ। ਕਾਸ਼ ! ਉਹ ਆਪਣੀ ਇਸ ਇੱਛਾ ਨੂੰ, ਇੱਛਾ ਨਾ ਸਮਝੇ, ਆਪਣਾ ਜਾਇਜ਼ ਹੱਕ ਸਮਝੇ ਤੇ ਇਸਨੂੰ ਪ੍ਰਾਪਤ ਕਰਨ ਲਈ ਉਹ ਜੂਝੇ, ਸੰਘਰਸ਼ ਕਰੇ। ਇਸ ਤੋਂ ਪਹਿਲਾ ਕਿ ਉਸਦੀ ਬੀਮਾਰ-ਪਤਨੀ ਫੱਲ ਖਾਣ ਦੀ ਖ਼ਾਹਸ਼ ਦਿਲ 'ਚ ਲੈਕੇ ਮਰ ਜਾਵੇ। O

---

ਵਿਚਾਰ ਚਰਚਾ :

## ਰੂੜ੍ਹੀਵਾਦ ਵਿਰੁਧ ਸੰਘਰਸ਼ : ਸੁਰਜੀਤ ਗਿੱਲ

ਬੀਤੇ ਦਿਨੀਂ ਇਕ ਮਾਰਕਸੀ ਆਗੂ ਨੇ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗਦਰ ਪਾਰਟੀ, ਬੱਬਰ ਲਹਿਰ, ਅਕਾਲੀ ਲਹਿਰ, ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੇ ਵਿਰਸੇ ਤੇ ਸਮੁੱਚੀ ਇਨਕਲਾਬੀ ਲਹਿਰ ਦੇ ਵਾਰਸ ਅਸੀਂ (ਕਮਿਊਨਿਸਟ) ਹਾਂ; ਪਰੰਤੂ ਲੋਕ ਫਿਰਕੂਆਂ ਤੇ ਖਾਸ ਕਰਕੇ ਅਕਾਲੀਆਂ ਨਾਲ ਹਨ ?" ਉਕਤ ਮਾਰਕਸੀ ਆਗੂ ਵਲੋਂ ਖੜਾ ਕੀਤਾ ਗਿਆ ਸਵਾਲ, ਸਮੁੱਚੀ ਖੱਬੀ ਤੇ ਜਮਹੂਰੀ ਲਹਿਰ ਸਾਹਮਣੇ ਇਕ ਮੁੱਖ ਸਵਾਲ ਹੈ, ਜਿਸ ਦਾ ਉੱਤਰ ਲਭੇ ਬਿਨਾਂ ਅਜੋਕੀ ਸਥਿਤੀ ਵਿਚੋਂ ਨਿਕਲਣਾ, ਕਮਿਊਨਿਸਟ ਤੇ ਜਮਹੂਰੀ ਲਹਿਰ ਨੂੰ ਅਗੇ ਖੜਨਾ ਸੰਭਵ ਨਹੀਂ ਹੋ ਸਕਦਾ। ਇਸ ਲਈ ਇਸ ਮਸਲੇ ਨੂੰ ਘੋਖਣਾ ਬਹੁਤ ਜ਼ਰੂਰੀ ਹੈ। ਬੀਤੇ ਸਮੇਂ ਵਿਚ ਸਿੱਖ ਰੂੜ੍ਹੀਵਾਦ (fundamentalism) ਸਮੁੱਚੀ ਜਮਹੂਰੀ ਲਹਿਰ ਲਈ ਇਕ ਮਸਲਾ ਰਿਹਾ ਹੈ। ਅੰਗਰੇਜ਼ ਸਾਮਰਾਜੀ ਫਿਰਕੂ ਰੂੜ੍ਹੀਵਾਦ ਨੂੰ ਵਰਤਕੇ ਲੋਕਾਂ ਦੇ ਏਕੇ ਨੂੰ ਤੋੜਨ ਦਾ ਕੰਮ ਕਰਦੇ ਰਹੇ ਹਨ। ਚਾਹੀਦਾ ਤਾਂ ਇਹ ਸੀ, ਕਿ ਭਾਰਤ ਦੀ ਨਵੀਂ ਸਰਮਾਏਦਾਰ-ਜਗੀਰਦਾਰ ਹਾਕਮ ਜਮਾਤ ਲੋਕਾਂ ਵਿਚ ਕੌਮੀ ਤੇ ਦੇਸ਼ ਭਗਤੀ ਦਾ ਜਜ਼ਬਾ ਪਰਬੱਲ ਕਰਨ ਲਈ ਇਸ ਫਿਰਕੂ ਕੋਹੜ ਨੂੰ ਖਤਮ ਕਰਨ ਦਾ ਯਤਨ ਕਰਦੀ। ਪਰੰਤੂ ਇਸ ਨੇ ਇਸ ਤੋਂ ਉਲਟ ਸਾਮਰਾਜੀ ਹਥਿਆਰ ਨੂੰ ਖੁੰਢਾ ਨਹੀਂ ਹੋਣ ਦਿੱਤਾ, ਬਲਕਿ ਉਸੇ ਤਰ੍ਹਾਂ ਵਰਤੋਂ ਵਿਚ ਲਿਆਂਦਾ ਹੈ। ਲੋਕਾਂ ਦੇ ਫਿਰਕੂ ਜਜ਼ਬਿਆਂ ਨੂੰ ਵਾਰ ਵਾਰ ਉਭਾਰਕੇ ਲੋਕਾਂ ਨੂੰ ਪਾੜਕੇ, ਫੁੱਟ ਨੂੰ ਆਪਣੇ ਜਮਾਤੀ ਹਿਤਾਂ ਲਈ ਵਰਤਿਆ ਹੈ। ਇਹੋ ਕਾਰਨ ਹੈ ਕਿ ਆਜ਼ਾਦੀ ਦੇ ਐਨੇ ਵਰ੍ਹਿਆਂ ਪਿਛੋਂ ਵੀ ਲੋਕਾਂ ਵਿਚ ਦੇਸ਼ ਭਗਤੀ ਤੇ ਕੌਮੀ ਜਜ਼ਬੇ ਪਰਬਲਤਾ ਦੀ ਤਾ ਫਿਰਕੂ ਭਾਵਨਾਵਾਂ ਸ਼ਕਤੀਸ਼ਾਲੀ ਹਨ। ਹਾਕਮ ਜਮਾਤ ਨੇ ਧਰਮ-ਨਿਰਲੇਪਤਾ ਦੇ ਅਰਥ ਸਾਰੇ ਧਰਮਾ ਨੂੰ ਮੰਨਣ ਦੇ ਕਢੇ ਹਨ। ਇਸੇ ਲਈ ਪ੍ਰਧਾਨ ਮੰਤਰੀ ਤੋਂ ਲੈ ਕੇ ਵਜ਼ੀਰਾਂ ਤਕ ਸਾਰੇ ਧਰਮ ਅਸਥਾਨਾਂ ਵਿਚ ਜਾ ਕੇ ਮੱਥੇ ਰਗੜਦੇ ਹਨ। ਵਹਿਮ ਪ੍ਰਸਤੀ ਤੇ ਰੂੜ੍ਹੀਵਾਦ ਦਾ ਪ੍ਰਚਾਰ ਕਰਦੇ ਹਨ। ਹਰ ਕੰਮ ਜੋਤਸ਼ੀਆਂ ਤੇ ਤਾਂਤਰਿਕਾਂ ਤੋਂ ਪੁੱਛਕੇ ਕਰਦੇ ਹਨ। ਸਾਧਾਰਨ ਲੋਕਾਂ ਦੀ ਅਗਿਆਨਤਾ ਤੇ ਅੰਧ-ਵਿਸਵਾਸ਼ੀ ਦਾ ਲਾਭ ਉਠਾਕੇ ਮੜ ਗੱਦੀਆਂ ਤੇ ਬਰਾਜਮਾਨ ਹੁੰਦੇ ਹਨ। ਪਰੰਤੂ ਫਿਰਕੂ ਰੂੜੀਵਾਦ ਜਿਥੇ ਹਾਕਮ ਜਮਾਤ ਦੇ ਹਿੱਤ ਵਿਚ ਜਾਂਦਾ ਹੈ, ਉਥੇ ਸਾਮਰਾਜ ਤੇ ਉਸਦੇ ਪੱਖੀ ਵੀ ਇਸਨੂੰ ਆਪਣੇ ਹਿੱਤ ਵਿਚ ਵਰਤਦੇ ਹਨ। ਅੱਜ ਸਾਮਰਾਜੀ ਏਜੰਸੀਆਂ ਹਰ ਕਿਸਮ ਦੇ ਰੂੜੀਵਾਦ ਨੂੰ ਸਹਾਇਤਾ ਦੇ ਰਹੀਆਂ ਹਨ। ਜਿਥੇ ਅਮਰੀਕੀ ਸਾਮਰਾਜੀ ਤੇ ਉਸਦੇ ਪੱਖੀ ਵੀ ਇਸ ਨੂੰ ਆਪਣੇ ਹਿੱਤ ਵਿਚ ਵਰਤਦੇ ਹਨ। ਅੱਜ ਸਾਮਰਾਜੀ ਏਜੰਸੀਆਂ ਹਰ ਕਿਸਮ ਦੇ ਰੂੜੀਵਾਦ ਨੂੰ ਸਹਾਇਤਾ ਦੇ ਰਹੀਆਂ ਹਨ। ਜਿਥੇ ਅਮਰੀਕੀ ਸਾਮਰਾਜੀ ਕਰੋੜਾਂ ਡਾਲਰ ਤੇ ਹੋਰ ਸਾਧਨ ਰੂੜੀਵਾਦ ਦੇ ਪਸਾਰ ਲਈ ਖਰਚ ਕਰ ਰਹੇ ਹਨ। ਉਥੇ ਸਾਊਦੀ ਅਰਬ ਵਰਗੇ ਦੇਸ਼ ਇਸਲਾਮੀ ਰੂੜੀਵਾਦ ਨੂੰ ਸ਼ਹਿ ਦੇ ਰਹੇ ਹਨ। ਪੰਜਾਬ ਵਿਚ ਸਿਖ ਰੂੜੀਵਾਦ ਦੇ ਪਸਾਰ ਪਿਛੇ ਅਮਰੀਕੀ ਸਾਮਰਾਜੀਆਂ ਦਾ ਹੱਥ ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ। ਸਿਖ ਰੂੜੀਵਾਦੀਆ ਨੇ ਆਪ ਵੀ ਇਸ ਗੱਲ ਨੂੰ ਲੁਕਾਉਣ ਦਾ ਕੋਈ ਯਤਨ ਨਹੀਂ ਕੀਤਾ। ਪਰੰਤੂ ਦੂਜੇ ਪਾਸੇ ਹਿੰਦੂ ਰੂੜ੍ਹੀਵਾਦੀਆਂ ਦੀ ਪਿੱਠ ਤੇ ਵੀ ਉਹੋ ਹੀ ਅਮਰੀਕੀ ਸਾਮਰਾਜ ਹੈ।

ਇਸ ਵਿਚ ਸ਼ੱਕ ਨਹੀਂ ਕਿ ਭਾਰਤ ਦੀ ਹਾਕਮ ਜਮਾਤ ਇਕ ਸੀਮਤ ਹੱਦ ਤਕ, ਫਿਰਕੂ ਰੂੜੀਵਾਦ ਤੇ ਹੋਰ ਪਾੜੂ ਰੁਝਾਨਾਂ ਨੂੰ ਆਪਣੇ ਜਮਾਤੀ ਹਿਤਾਂ ਲਈ ਵਰਤਦੀ ਹੈ। ਪਰੰਤੂ ਦੇਸ਼ ਦੇ ਕਿਸੇ ਹਿੱਸੇ ਦਾ ਵੱਖ ਹੋ ਜਾਣਾ ਇਸ ਨੂੰ ਗਵਾਰਾ ਨਹੀਂ ਹੈ। ਕਿਉਂਕਿ ਮੰਡੀਆਂ ਦੀ ਹਵਸ ਮੰਡੀਆਂ ਭਾਲਦੀ ਤੇ ਖੋਹੰਦੀ ਹੈ, ਗੁਆਉਂਦੀ ਨਹੀਂ। ਦੇਸ਼ ਦੇ ਟੁਕੜੇ ਹੋਣ ਤੇ ਉਥੇ ਆਪਣੀ ਹੱਥ ਠੋਕੀ ਸਰਕਾਰ ਕਾਇਮ ਕਰਨੀ ਸਾਮਰਾਜੀ ਖੇਡ ਹੈ। ਭਾਰਤ ਦੇ ਟੁਕੜੇ ਇਸੇ ਲਈ ਕੀਤੇ ਗਏ ਸਨ। ਹੁਣ ਫਿਰ ਉਹ ਖੇਡ ਮੁੜ ਪੰਜਾਬ, ਆਸਾਮ ਤੇ ਦੇਸ਼ ਦੇ ਪੂਰਬੀ ਖੇਤਰ ਵਿਚ ਖੇਡੀ ਜਾ ਰਹੀ ਹੈ। ਪੰਜਾਬ ਦਾ ਸਿੱਖ ਰੂੜੀਵਾਦ ਮੁਖ ਤੌਰ

ਤੇ ਸਾਮਰਾਜ ਦੇ ਅਤੇ ਪਿਛੇ ਖਿੱਚੂ ਜਗੀਰਦਾਰ ਜਮਾਤ ਦੇ ਹਿੱਤ ਪੂਰਦਾ ਹੈ । ਇਸ ਸਵਾਲ ਤੇ ਆਮ ਤੌਰ ਤੇ ਭਾਰਤ ਦੀ ਸਰਮਾਏਦਾਰ ਜਗੀਰਦਾਰ ਹਾਕਮ ਜਮਾਤ ਤੇ ਸਾਮਰਾਜ ਨੂੰ ਇਕੋ ਜ਼ੁਮਰੇ ਵਿਚ ਰਖਿਆ ਜਾਂਦਾ ਹੈ । ਇਹਨਾਂ ਦੀ ਆਪਸੀ ਵਿਰੋਧਤਾਈ ਨੂੰ ਉਨਾ ਹੀ ਅਖੋਂ ਪਰੋਖੇ ਕਰ ਦਿਤਾ ਜਾਂਦਾ ਹੈ । ਇਸ ਦੇ ਨਾਲ ਹੀ ਸੰਸਾਰ ਸਾਮਰਾਜ ਤੇ ਉਸਦੇ ਮੋਹਰੀ ਅਮਰੀਕੀ ਸਾਮਰਾਜ ਨੂੰ ਸੋਵੀਅਤ ਯੂਨੀਅਨ ਦੇ ਦੋਸ਼ੀ ਗਰਦਾਨਿਆ ਜਾਂਦਾ ਹੈ । ਇਥੇ ਜਿਥੇ ਅਮਰੀਕੀ ਸਾਮਰਾਜ ਸੰਸਾਰ ਗਲਬੇ ਲਈ ਸਾਰੇ ਸੰਸਾਰ ਨੂੰ ਐਟਮੀ ਜੰਗ ਦੀ ਭੱਠੀ ਵਿਚ ਝੋਕਣ ਤੇ ਤੁਲਿਆ ਹੋਇਆ ਹੈ, ਅਤੇ ਸੰਸਾਰ ਵਿਆਪੀ ਸਮਾਜਵਾਦੀ ਢਾਂਚੇ ਨੂੰ ਤਬਾਹ ਕਰਨਾ ਚਾਹੁੰਦਾ ਹੈ । ਉਥੇ ਸੋਵੀਅਤ ਯੂਨੀਅਨ ਉਸਦੀਆਂ ਲਾਲਸਾਵਾਂ ਦੇ ਰਾਹ ਵਿਚ ਸਭ ਤੋਂ ਵੱਡਾ ਅੜਿਕਾ ਹੈ । ਅਜਿਹੀ ਸਥਿਤੀ ਵਿਚ ਦੋਨਾਂ ਧਿਰਾਂ ਨੂੰ ਸਾਮਰਾਜੀ ਤੇ ਜੰਗਬਾਜ਼ ਕਹਿਣ ਦੇ ਅਰਥ ਸਾਮਰਾਜ ਤੇ ਜੰਗਬਾਜ਼ਾਂ ਦੇ ਹੱਕ ਵਿਚ ਖੜੋਣਾ ਹੋਵੇਗਾ ।

ਭਾਰਤ ਦੀ ਸਥਿਤੀ ਵਿਚ ਅਮਰੀਕੀ ਸਾਮਰਾਜ ਇਸ ਨੂੰ ਚਾਰੇ ਪਾਸਿਉਂ ਘੇਰਾ ਪਾ ਰਿਹਾ ਹੈ ਅੰਤੇ ਗਵਾਂਢੀਆਂ ਨੂੰ ਮਾਰੂ ਹਥਿਆਰਾਂ ਨਾਲ ਲੈਸ ਕਰ ਰਿਹਾ ਹੈ । ਪਾਕਸਤਾਨ, ਬੰਗਲਾ ਦੇਸ਼, ਲੰਕਾ, ਡੀਗੋ ਗਾਰਸ਼ੀਆ ਇਸ ਦੇ ਸਬੂਤ ਹਨ । ਦੂਜੇ ਪਾਸੇ ਸੋਵੀਅਤ ਯੂਨੀਅਨ ਇਸ ਨੂੰ ਸਨਅਤੀ ਤੇ ਫੌਜੀ ਤੌਰ ਤੇ ਆਤਮ ਨਿਰਭਰ ਹੋਣ ਵਿਚ ਸਹਾਈ ਹੋ ਰਿਹਾ ਹੈ । ਸੋਵੀਅਤ ਸਹਾਇਤਾ ਭਾਰਤ ਦੀ ਸਰਮਾਏਦਾਰੀ ਨੂੰ ਆਤਮ ਨਿਰਭਰ ਹੋਣ ਤੇ ਸਾਮਰਾਜੀ ਦਬਾਅ ਤੋਂ ਮੁਕਤ ਰਹਿਣ ਵਿਚ ਸਹਾਈ ਹੁੰਦੀ ਹੈ । ਅਜੋਕੇ ਸੰਸਾਰਕ ਢਾਂਚੇ ਵਿਚ ਭਾਰਤ ਦਾ ਆਪਣਾ ਅਸਥਾਨ ਅਹਿਮ ਹੈ । ਇਸ ਵਿਚ ਕੋਈ ਸ਼ਕ ਨਹੀਂ ਹੈ ਕਿ ਭਾਰਤ ਦੀ ਚਲਾਕ ਸਰਮਾਏਦਾਰੀ ਆਪਣੇ ਹਿਸਾਬ ਨੂੰ ਮੁਖ ਰਖਕੇ ਵਿਦੇਸ਼ ਨੀਤੀ ਬਣਾਉਂਦੀ ਹੈ । ਇਸ ਦੇ ਹਿੱਤ ਇਸ ਤੋਂ ਅਜਿਹੀਆਂ ਗੱਲਾਂ ਅਖਵਾਉਂਦੇ ਹਨ; ਜਿਹੜੀਆਂ ਅਮਰੀਕੀ ਸਾਮਰਾਜ ਨੂੰ ਚੰਗੀਆਂ ਨਹੀਂ ਲਗਦੀਆਂ । ਇਸ ਲਈ ਉਹ ਭਾਰਤੀ ਸਰਮਾਏਦਾਰੀ ਨੂੰ ਆਪਣੇ ਅਨੁਸਾਰ ਢਾਲਣ ਲਈ ਇਸ ਉਤੇ ਅੰਦਰੋਂ ਤੇ ਬਾਹਰੋਂ ਦਬਾਅ ਪਾਉਂਦਾ ਹੈ । ਇਹਨਾਂ ਦਬਾਵਾਂ ਵਿਚ ਇਕ ਦਬਾਅ ਰੂੜ੍ਹੀਵਾਦੀ ਤੇ ਵਖਵਾਦੀ ਲਹਿਰਾਂ ਦੀ ਹਮਾਇਤ ਕਰਨਾ ਹੈ । ਉਹ ਚਾਹੁੰਦਾ ਹੈ ਕਿ ਜੇਕਰ ਭਾਰਤ ਦੀ ਹਾਕਮ ਜਮਾਤ ਉਸਦੀ ਮਰਜ਼ੀ ਅਨੁਸਾਰ ਨਹੀਂ ਚਲਦੀ ਤਾਂ ਦੇਸ ਦੇ ਅਜਿਹੇ ਟੁਕੜੇ ਕਰ ਦਿਤੇ ਜਾਣ ਜਿਥੋਂ ਦੀ ਕਾਬਜ਼ ਜੁੰਡਲੀ ਉਹਦੀ ਹੱਥ ਠੋਕਾ ਹੋਵੇ ਤੇ ਕੇਵਲ ਉਸਦੇ ਸਹਾਰੇ ਜਿਉਂਦੀ ਰਹਿ ਸਕੇ । ਜਿਵੇਂ ਪਾਕਸਤਾਨ, ਦਖਣੀ ਕੋਰੀਆ ਚਿੱਲੀ ਤੇ ਹੋਰ ਥਾਵਾਂ ਦੀਆਂ ਡਿਕਟੇਟਰ ਜੁੰਡਲੀਆਂ ਹਨ ।

ਇਸ ਲਈ ਰੂੜ੍ਹੀਵਾਦ ਵਿਰੁਧ ਲੜਨ ਸਮੇਂ ਆਵਸ਼ਕ ਤੌਰ ਤੇ ਸਾਮਰਾਜ ਵਿਰੁਧ ਲੜਨਾ ਹੋਵੇਗਾ । ਰੂੜ੍ਹੀਵਾਦ, ਜਗੀਰਦਾਰੀ ਸੋਚ ਤੇ ਧਾਰਮਿਕ ਪਿਛੇ ਖਿਚੂਪੁਣੇ ਤੇ ਧਾਰਮਕ ਕਟੜਤਾ ਨੂੰ ਆਧਾਰ ਬਣਾਉਂਦਾ ਹੈ । ਇਸ ਦਾ ਖੁੱਲ ਖਿਆਲੀ ਉਦਾਰਤਾ ਵਿਗਿਆਨ ਤੇ ਤਰਕ ਨਾਲ ਬੁਨਿਆਦੀ ਵਿਰੋਧ ਹੁੰਦਾ ਹੈ । ਇਹ ਲੋਕਾਂ ਦੀ ਗਰੀਬੀ, ਬੇਬਸੀ, ਅਗਿਆਨਤਾ ਨੂੰ ਆਪਣੇ ਹਿਤ ਵਿਚ ਵਰਤਦਾ ਹੈ । ਲੋਕਾਂ ਸਾਹਮਣੇ ਮਜ਼ਹਬ ਦੀ ਵਿਆਖਿਆ ਸੰਕੀਰੇਨ ਢੰਗ ਨਾਲ ਕਰਦਾ ਹੈ । ਪਿਛਲੇ ਸਮੇਂ ਵਿਚ ਸਿੱਖ ਰੂੜ੍ਹੀਵਾਦ ਇਸੇ ਰੂਪ ਵਿਚ ਲੋਕਾਂ ਸਾਹਮਣੇ ਪੇਸ਼ ਹੋਇਆ ਹੈ । ਪਰੰਤੂ ਇਸ ਰੂੜ੍ਹੀਵਾਦ ਦਾ ਸਿਖ ਮਜ਼ਹਬ ਦੀਆਂ ਹਕੀਕੀ ਪਰੰਪਰਾਵਾਂ ਨਾਲ ਕੋਈ ਸਬੰਧ ਨਹੀਂ ਹੈ । ਸਿੱਖ ਮਜ਼ਹਬ ਅੰਦਰ ਫਿਰਕੂ ਸੰਕੀਰਨਤਾ, ਮਜ਼ਹਬੀ ਕੱਟੜਪੁਣਾ, ਅੰਧ ਵਿਸ਼ਵਾਸੀ ਤਰਕ ਹੀਣਤਾ, ਤੇ ਕਰਾਮਾਤਾਂ ਵਿਚ ਵਿਸ਼ਵਾਸ਼ ਨੂੰ ਕੋਈ ਥਾਂ ਨਹੀਂ ਹੈ । ਸਿੱਖਾਂ ਨੇ ਕਿਸੇ ਸਮੇਂ ਵੀ ਇਥੋਂ ਤਕ ਕਿ ਰਾਜਸੱਤਾ ਹੱਥ ਆਉਣ ਤੇ ਵੀ ਫਿਰਕੂ ਸੰਕੀਰਨਤਾ ਤੇ ਮਜ਼ਹਬੀ ਕੱਟੜਪੁਣੇ ਦਾ ਪ੍ਰਗਟਾਵਾ ਨਹੀਂ ਕੀਤਾ ਹੈ । ਗੁਰੂ ਨਾਨਕ ਦੇਵ ਨੇ ਤਰਕ ਹੀਣਤਾ ਤੇ ਅੰਧਵਿਸ਼ਵਾਸ਼ੀ ਵਿਰੁਧ ਤਰਕ ਰਾਹੀਂ ਸੰਘਰਸ਼ ਕੀਤਾ। ਉਹ ਜਿਥੇ ਵੀ ਹਰਦੁਆਰ ਮੱਕੇ, ਬਗਦਾਦ ਜਾਂ ਤਿੱਬਤ ਗਿਆ ਸਭ ਥਾਈਂ ਤਰਕ ਰਾਹੀਂ ਅੰਧ ਵਿਸ਼ਵਾਸੀ ਦਾ ਖੰਡਨ ਕੀਤਾ । ਉਹਨੇ ਧਾਰਮਕ ਅਡੰਬਰ ਦੀ ਥਾਂ ਕੇਵਲ ਨਾਮ ਜਪਣ ਦੀ ਤਲਕੀਨ ਕੀਤੀ ਜਿਹੜਾ ਹਰ ਕਿਸਮ ਦੀ ਕਿਰਤ ਕਰਦਿਆਂ, ਹਲ ਵਾਹੁੰਦਿਆਂ, ਜੁੱਤੀ ਸਿਉਂਦਿਆਂ ਵੀ ਜਪਿਆ ਜਾ ਸਕਦਾ ਹੈ । ਸਿੱਖ ਮਜ਼ਹਬ ਵਿਚ ਕਰਾਮਾਤ ਲਈ ਮੌਤ ਦੀ ਸਜ਼ਾ ਹੈ । ਬਾਬਾ ਅਟੱਲ ਤੇ ਬਾਬਾ ਗੁਰਦਿਤਾ ਦੀਆ ਸਾਖੀਆਂ ਇਸ ਗੱਲ ਦੀਆਂ ਗਵਾਹ ਹਨ । ਇਹ ਸਜ਼ਾ ਦੇਣ ਵਾਲਾ ਹੋਰ ਕੋਈ ਨਹੀਂ ਸੀ, ਬਲਕਿ ਬਾਬਾ ਅਟੱਲ ਤੇ ਬਾਬਾ ਗੁਰਦਿਤਾ ਦੇ ਆਪਣੇ ਪਿਤਾ ਗੁਰੂ ਸਾਹਿਬਾਨ ਸਨ । ਸਿਖੀ ਦੀ ਪਰੰਪਰਾ ਨਾਂ ਕਿਸੇ ਤੋਂ ਡਰਨ ਤੇ ਨਾਂ ਹੀ ਕਿਸੇ ਨੂੰ ਡਰਾਉਣ ਦੀ ਹੈ । ਧੌਂਸ ਨਾਲ ਗਲ ਮਨਵਾਉਣ ਜਾਂ ਧਰਮ ਪਰਵਤਣ ਲਈ ਮਜਬੂਰ ਦੀ ਤਾਂ ਗਲ ਹੀ ਦੂਰ ਦੀ ਹੈ । ਇਸ ਲਈ ਰੂੜ੍ਹੀਵਾਦ ਵਿਰੁਧ ਲੜਦਿਆਂ ਸਿਖੀ ਦੀਆਂ ਆਪਣੀਆਂ ਪਰੰਪਰਾਵਾਂ ਦਾ ਵਰਨਣ ਕਰਨਾ ਜ਼ਰੂਰੀ ਹੈ । ਇਹ ਕੁਝ ਡੂੰਘੇ ਅਧਿਅਨ ਤੇ ਠਰੰਮੇ ਨਾਲ ਸਾਧਾਰਨ ਸ਼ਰਧਾਲੂਆਂ ਦੇ ਜਜ਼ਬਿਆਂ ਨੂੰ ਠੇਸ ਲਾਉਣ ਤੋਂ ਬਿਨਾਂ ਕਰਨਾ ਚਾਹੀਦਾ ਹੈ । ਸਿਖੀ ਦੀਆਂ ਸਹੀ ਪਰੰਪਰਾਵਾਂ ਨੂੰ ਬਿਆਨ ਕਰਨ ਸਮੇਂ ਉਹਨਾਂ ਦੀ ਵਿਆਖਿਆ ਦੇਸ਼ ਭਗਤੀ, ਧਰਮ ਨਿਰਲੇਪਤਾ ਤੇ ਲੋਕਾਂ ਦੇ ਹਕ ਵਿਚ ਭੁਗਤਣ ਲਈ ਕਰਨੀ ਚਾਹੀਦੀ ਹੈ । ਪਰੰਤੂ ਰੂੜ੍ਹੀਵਾਦ ਦੇ ਟਾਕਰੇ ਤੇ ਕੇਵਲ ਧਰਮ ਦੀ ਉਦਾਰ ਵਿਆਖਿਆ ਹੀ ਕਾਫੀ ਨਹੀਂ । ਇਸਦੇ

ਟਾਕਰੇ ਉਤੇ ਵਿਗਿਆਨਕ ਸੋਚ ਤੇ ਜਮਾਤੀ ਸੰਘਰਸ਼ ਦੇ ਸਿਧਾਂਤ ਨੂੰ ਪੇਸ਼ ਕਰਨਾ ਵੀ ਜ਼ਰੂਰੀ ਹੈ। ਜੇਕਰ ਧਰਮ ਦੀ ਪੁਨਰ ਵਿਆਖਿਆ ਤਕ ਹੀ ਸੀਮਤ ਰਿਹਾ ਜਾਵੇ ਤਾਂ ਇਸ ਦੇ ਧਰਮ ਪੁਨਰ ਜਾਗਰਣ ਵਿਚ ਸਹਾਈ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ। ਪਰਚਾਰ ਵਿਚ ਜੇਕਰ ਧਾਰਮਿਕ ਹਵਾਲਿਆਂ ਤੇ ਬਿੰਬਾਂ ਦੀ ਥਾਂ ਸੈਕੂਲਰ ਤੇ ਲੋਕ ਬਿੰਬਾਂ ਨੂੰ ਵਰਤਿਆ ਜਾਵੇ ਤਾਂ ਦਰੁਸਤ ਹੋਵੇਗਾ।

ਇਕ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਰੂੜੀਵਾਦ ਵਿਰੁਧ ਕੇਵਲ ਪਰਚਾਰ ਰਾਹੀਂ ਹੀ ਨਹੀਂ ਲੜਿਆ ਜਾ ਸਕਦਾ। ਇਸ ਦੇ ਨਾਲ ਨਾਲ ਲੋਕਾਂ ਨੂੰ ਜਮਾਤੀ ਤੌਰ ਤੇ ਚੇਤਨ ਤੇ ਜਥੇਬੰਦ ਕਰਕੇ ਆਰਥਕ ਤੇ ਰਾਜਸੀ ਸੰਘਰਸ਼ ਲੜਨੇ ਲਾਜ਼ਮੀ ਹਨ। ਅਮਲ ਪਰਚਾਰ ਨਾਲੋਂ ਵਧ ਕਾਮਯਾਬ ਹੁੰਦੀ ਹੈ। ਮਾਰਕਸ ਨੇ ਕਿਹਾ ਹੈ ਕਿ ਲੋਕਾਂ ਦੇ ਮਨਾਂ ਵਿਚੋਂ ਰੱਬ ਤੇ ਮਜ਼ਹਬ ਦੀ ਜੱਕੜ ਕੇਵਲ ਗੱਲਾਂ ਨਾਲ ਹੀ ਨਹੀਂ ਤੋੜੀ ਜਾ ਸਕਦੀ। ਇਹ ਕੁਝ ਮਜ਼ਹਬ ਵਲੋਂ ਦਿਤੇ ਚੰਗੇ ਜੀਵਨ ਦੇ ਲਾਰਿਆਂ ਦੀ ਹਕੀਕੀ ਜੀਵਨ ਵਿਚ ਦੇਕੇ ਹੀ ਕੀਤਾ ਜਾ ਸਕਦਾ ਹੈ। ਇਸ ਲਈ ਆਰਥਕ ਸੰਘਰਸ਼ ਤੇ ਆਰਥਕ ਪਰਾਪਤੀਆਂ ਵੀ ਜ਼ਰੂਰੀ ਹਨ।

ਇਹ ਸਭ ਕੁਝ ਖੱਬੀਆਂ ਤੇ ਜਮਹੂਰੀ ਧਿਰਾਂ ਦੇ ਵਿਸ਼ਾਲ ਏਕੇ ਰਾਹੀਂ ਹੀ ਕੀਤਾ ਜਾ ਸਕਦਾ ਹੈ। ਇਸ ਏਕੇ ਦੇ ਇਹ ਅਰਥ ਨਹੀਂ ਹਨ ਕਿ ਆਪੋ ਵਿਚਲੇ ਸਿਧਾਂਤਕ ਵਖਰੇਵੇਂ ਤੇ ਵਿਰੋਧ ਉਕੇ ਭੁੱਲਾ ਦਿਤੇ ਜਾਣ। ਇਹ ਗੈਰ ਵਿਗਿਆਨਕ ਸੋਚ ਹੋਵੇਗੀ। ਆਪ ਆਪਣਾ ਵਜੂਦ ਕਾਇਮ ਰਖਦਿਆਂ, ਆਪਣੀ ਸੋਚ ਦਾ ਪਰਚਾਰ ਕਰਦਿਆਂ ਵੀ ਘਟੋ ਘੱਟ ਸਵਾਲਾਂ ਉਤੋਂ ਵਿਸ਼ਾਲ ਏਕਾ ਕਾਇਮ ਹੋ ਸਕਦਾ ਹੈ। ਨੀਤੀ ਦੀ ਥਾਂ ਕੇਵਲ ਦਾਅ ਪੇਚਾਂ ਵਿਚ ਤਬਦੀਲੀ ਕਰਕੇ ਸਾਂਝੇ ਦੁਸ਼ਮਣ ਵਿਰੁਧ ਇਕੱਠੇ ਹੋਇਆ ਜਾ ਸਕਦਾ ਹੈ। ਆਸ ਹੈ ਹੋਰ ਧਿਰਾਂ ਵੀ ਇਸ ਸੰਬੰਧੀ ਆਪਣੇ ਵਿਚਾਰ ਪੇਸ਼ ਕਰਕੇ ਇਸ ਚਰਚਾ ਨੂੰ ਅਗੇ ਤੋਰਨਗੀਆਂ ਤੇ ਕਿਸੇ ਸਾਂਝੇ ਪਰੋਗਰਾਮ ਉਤੇ ਪੁਜਣ ਵਿਚ ਸਹਾਈ ਹੋਣਗੀਆਂ।

o

## ਪਲਸ ਮੰਚ ਪ੍ਰਕਾਸ਼ਨ ਕਮੇਟੀ ਵੱਲੋਂ ਇਕ ਰਿਪੋਰਟ/ਸੁਰਜੀਤ ਬਰਾੜ

ਮੰਚ ਦੀ ਪ੍ਰਕਾਸ਼ਨ ਕਮੇਟੀ ਨੇ ਆਪਣੇ ਮਿਥੇ ਹੋਏ ਪ੍ਰੋਗਰਾਮ ਅਨੁਸਾਰ ਇਸ ਸਾਲ ਪੰਜ ਕਿਤਾਬਾਂ ਦੀ ਪ੍ਰਕਾਸ਼ਨਾ ਕੀਤੀ ਹੈ। ਮੇਰੀ ਟਾਈਲਰ ਦੀ 'ਭਾਰਤੀ ਜੇਲ੍ਹਾਂ ਵਿਚ ਮੇਰੇ ਪੰਜ ਸਾਲ' (ਅਨੁਵਾਦਕ : ਡਾਕਟਰ ਚਮਨ ਲਾਲ ਮੁਲ 10/-), ਗੁਰਸ਼ਰਨ ਸਿੰਘ ਤੇ ਪ੍ਰਮਿੰਦਰਜੀਤ ਦੀ ਸੰਪਾਦਨਾ ਥੱਲੇ ਕਵਿਤਾ ਦਾ ਇਕ ਚੋਣਵਾਂ ਕਾਵਿ-ਸੰਗ੍ਰਹਿ 'ਪਹੁੰਚੇ ਹਾਂ ਕਿਸ ਮੁਕਾਮ ਤੇ' (ਮੁਲ 4/-), ਨਵਕਿਰਨ ਦੀ ਸੰਪਾਦਤ 'ਮਲਾਂਹਾਂ ਦੀ ਹੇਕ ਤੇ' (ਮੁਲ 4/-), ਗੁਰਬਖਸ਼ ਜੱਸ ਦਾ ਸੰਪਾਦਤ ਹਿੰਦੀ ਅਤੇ ਉਰਦੂ ਕਹਾਣੀਆਂ ਦਾ ਚੋਣਵਾਂ ਸੰਗ੍ਰਹਿ 'ਹਮਾਇਤੀ' (ਮੁੱਲ 5/-) ਅਤੇ ਅਜੋਕੀ ਸਥਿਤੀ ਤੇ ਸੁਰਜੀਤ ਬਰਾੜ ਦਾ ਸੰਪਾਦਤ ਚੋਣਵਾਂ ਗੀਤ ਸੰਗ੍ਰਹਿ 'ਜਾਗ ਜਾਗ ਓਏ ਲੋਕਾ' (ਮੁੱਲ 2/-)। ਇਸੇ ਵਿਚ ਪਹਿਲੀਆਂ ਤਿੰਨ ਕਿਤਾਬਾਂ ਹੁਸ਼ਿਆਰਪੁਰ, ਚੰਡੀਗੜ੍ਹ ਅਤੇ ਜਲੰਧਰ ਸਮਾਗਮਾਂ ਤੇ ਰੀਲੀਜ਼ ਕੀਤੀਆਂ ਗਈਆਂ ਤੇ ਹੋਰ ਸਾਹਿਤਕ ਸਮਾਗਮਾਂ ਵਿਚ ਇਹਨਾਂ ਦੀ ਵਿਸਥਾਰ ਨਾਲ ਪਹਿਚਾਣ ਕਰਵਾਈ ਗਈ। ਪਾਠਕਾਂ ਵਲੋਂ ਇਹਨਾਂ ਕਿਤਾਬਾਂ ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਅਲੋਚਕਾਂ ਵਲੋਂ 'ਪਹੁੰਚੇ ਹਾਂ ਕਿਸ ਮੁਕਾਮ 'ਤੇ' ਪੁਸਤਕ ਇਸ ਸਾਲ ਦੀ ਸਾਰਿਆਂ ਨਾਲੋਂ ਮਹੱਤਵਪੂਰਣ ਪੁਸਤਕ ਆਖੀ ਗਈ ਹੈ। ਮੇਰੀ ਟਾਇਲਰ ਦੀ ਕਿਤਾਬ ਜੋ ਹੁਣ ਸੰਸਾਰ ਦੇ ਇਨਕਲਾਬੀ ਸਾਹਿਤ ਵਿਚ ਇਕ ਕਲਾਸਿਕ ਦੀ ਥਾਂ ਰੱਖਦੀ ਹੈ, ਪੰਜਾਬੀ ਪਾਠਕਾਂ ਵਿਚ ਵੱਡੀ ਗਿਣਤੀ ਵਿਚ ਪੁੱਜੀ ਹੈ। ਨਵੇਂ ਕਵੀਆਂ ਦੀ ਪਹਿਚਾਣ ਵਿਚ 'ਮਲਾਹਾਂ ਦੀ ਹੇਕ 'ਤੇ' ਇਕ ਬੜੀ ਜ਼ਰੂਰੀ ਭੂਮਿਕਾ ਨਿਭਾ ਰਹੀ ਹੈ। ਬਾਕੀ ਦੋਨੋਂ ਕਿਤਾਬਾਂ ਛੇਦੜਾ ਸਮਾਗਮ ਤੇ ਰੀਲੀਜ਼ ਕੀਤੀਆਂ ਜਾਣਗੀਆਂ।

## ਸੋਧ

ਜਨਵਰੀ 1985 ਦਾ 'ਸਮਤਾ' ਪੜ੍ਹਿਆ। ਮੈਂ ਤੁਹਾਡਾ ਧਿਆਨ ਇਸ ਅੰਕ ਵਿਚਲੀਆਂ ਪਾਸ਼ ਦੀਆਂ ਕਵਿਤਾਵਾਂ ਵਿਚ ਛਪੀਆਂ ਕੁਝ ਉਕਾਈਆਂ ਵੱਲ ਦਵਾਉਣਾ ਚਾਹੁੰਦਾ ਹਾਂ। ਇਹ ਕਵਿਤਾਵਾਂ ਅਸੀਂ ਪਿਛਲੇ ਸਮਿਆਂ ਵਿਚ ਵੱਖ-ਵੱਖ ਥਾਵਾਂ ਤੇ ਕਵੀ ਦੇ ਮੂੰਹੋਂ ਸੁਣੀਆਂ ਹਨ ਤੇ ਅਨੇਕਾਂ ਮਿੱਤਰਾਂ ਨੂੰ ਲੱਗ ਭੱਗ ਜ਼ਬਾਨੀ ਯਾਦ ਹਨ। ਪਹਿਲੀ ਕਵਿਤਾ ਵਿਚ "ਮੈਂ ਤੇਰੇ ਦਸੇ ਹੋਏ ਹੀ ਇਸ਼ਟ ਪੂਜਾਂਗੀ" ਦੀ ਥਾਂ ਤੇ 'ਇਸ਼ਕ ਪੂਜਾਂਗੀ" ਛਪ ਗਿਆ ਹੈ। ਇਸੇ ਤਰ੍ਹਾਂ ਦੂਜੀ ਕਵਿਤਾ 'ਬਦੇਖਲੀ ਲਈ ਬਿਨੈ ਪੱਤਰ' ਵਿਚ ਇਕ ਸਤਰ ਉੱਕਾ ਹੀ ਗਾਇਬ ਹੈ।

ਜਦੋਂ ਵੀ ਵੀਭੱਤਸੀ ਸ਼ੋਰ ਦਾ ਨੱਪ ਕੇ ਖੁੱਰਾ
ਲੱਭਣਾ ਚਾਹਿਆ ਹੈ ਮੈਂ ਟਰਕਦੇ ਹੋਏ ਟਿੱਡੇ ਨੂੰ
ਸ਼ਾਮਲ ਤੱਕਿਆ ਹੈ ਆਪਣੀ ਪੂਰੀ ਦੁਨੀਆਂ ਨੂੰ
ਇਸ ਕਤਲ ਦੀ ਸਾਜ਼ਿਸ਼ ਵਿਚ।

ਇਸ ਟੁਕੜੇ ਦੀ ਹੇਠਲੀ ਸਤਰ ਛਪੀ ਨਹੀਂ ਜਿਸ ਕਾਰਨ ਪਤਾ ਨਹੀਂ ਲਗਦਾ ਕਿ ਕਵੀ ਦੀ ਪੂਰੀ ਦੁਨੀਆਂ ਕਾਸ ਵਿਚ ਸ਼ਾਮਲ ਹੈ। ਇਸੇ ਤਰ੍ਹਾਂ ਇਕ ਹੋਰ ਥਾਂ 'ਕਤਲ' ਦੀ ਥਾਂ 'ਕਾਤਿਲ' ਛਪ ਗਿਆ ਹੈ। ਕਿਰਪਾ ਕਰਕੇ ਅਜਿਹੀਆਂ ਗਲਤੀਆਂ ਨੂੰ 'ਸਮਤਾ' ਵਿਚ ਨਾ ਹੋਣ ਦਿਤਾ ਜਾਵੇ। ਸਾਨੂੰ ਪਰਚੇ ਤੇ ਕਵੀ, ਦੋਹਾਂ ਨਾਲ ਡਾਢੀ ਅਪਣਤ ਹੈ।

**ਲਖਵਿੰਦਰ ਸਿੰਘ 'ਹੁੰਦਲ'**

ਨਜ਼ਮ

## ਚੌਰਸਤੇ ਤੋਂ ਅਗਾਂਹ/ਕਰਮਜੀਤ ਸਿੰਘ

ਉਹ ਮੈਨੂੰ ਜਦ ਵੀ ਮਿਲੇ ਨੇ,
ਚੌਰਾਹੇ ਤੇ ਹੀ ਮਿਲੇ ਨੇ।
ਉਨ੍ਹਾਂ ਮੈਨੂੰ ਮੇਰੇ ਰਾਹ ਤੋਂ ਰੋਕ ਕੇ
ਕਿਸੇ ਹੋਰ ਰਾਹ ਤੇ ਤੋਰਨ ਲਈ ਵਾਹ ਲਾਈ ਹੈ।
ਪਰ ਮੈਂ ਕਦੇ ਵੀ ਆਪਣਾ ਰਾਹ ਨਹੀਂ ਛੱਡਿਆ।
ਕਿਉਂਕਿ ਮੈਂ ਜਾਣਦਾ ਹਾਂ
ਕਿ ਇਸ ਰਾਹ ਤੋਂ ਤਿਲਕਿਆਂ,ਮੈਂ ਉਥੇ ਹੀ ਪਹੁੰਚ ਜਾਵਾਂਗਾ
ਜਿਥੋਂ ਨਿਕਲਣਾ ਤੇ ਫਿਰ ਰਾਹੇ ਪੈਣਾ,
ਘੱਟੋ-ਘੱਟ ਇਸ ਜ਼ਿੰਦਗੀ ਵਿਚ ਤਾਂ ਸੰਭਵ ਨਹੀਂ।

ਉਹ ਕਹਿੰਦੇ ਹਨ ਕਿ ਮੇਰਾ ਰਾਹ
ਸੁਨਹਿਰੀ ਵਿਰਸੇ ਨੂੰ ਫੋਲਣ ਦਾ ਰਾਹ ਹੈ।
ਜਿਸਤੇ ਤੁਰਿਆਂ ਹੋਰ ਸਭ ਵਿਰਸੇ,
ਲੋਹੇ, ਪੱਥਰ ਜਾਂ ਸ਼ੀਸ਼ੇ ਦੇ ਵਿਖਾਈ ਦਿੰਦੇ ਹਨ।
ਮੈਂ ਜਵਾਬ ਦਿੰਦਾ ਹਾਂ
ਕੋਈ ਵੀ ਵਿਰਸਾ ਨਿਰੋਲ ਸੁਨਹਿਰੀ,
ਰੁਪਹਿਰੀ ਜਾਂ ਪੱਥਰ ਦਾ ਨਹੀਂ ਹੁੰਦਾ।
ਹਰ ਵਿਰਸੇ ਵਿਚ ਸੋਨਾ ਵੀ ਹੁੰਦਾ ਹੈ
ਤੇ ਪੱਥਰ ਵੀ
ਫਿਰ ਮੈਂ ਸਿਰਫ਼ ਸੁਨਹਿਰੀ ਵਿਰਸੇ ਦੀ ਭਾਲ ਵਿਚ
ਆਪਣਾ ਪੈਂਡਾ ਖੋਟਾ ਕਿਉਂ ਕਰਾਂ?

ਉਹ ਆਖਦੇ ਹਨ ਕਿ ਮੇਰਾ ਰਾਹ
ਵਿਗਿਆਨ ਤੋਂ ਪਾਰ ਜਾ ਕੇ
ਰਹੱਸ ਦੀ ਭਾਲ ਕਰਨਾ ਹੈ,
ਕਿਉਂਕਿ ਵਿਗਿਆਨ ਦੀ ਇਕ ਸੀਮਾ ਹੁੰਦੀ ਹੈ;
ਇਹ ਕਾਢਾਂ ਇਹ ਸਭਿਅਤਾ ਦੇ ਅੰਬਾਰ ਸਭ ਝੂਠੇ ਹਨ।
ਉਨ੍ਹਾਂ ਦੀ ਇਸ ਰਾਇ ਤੇ ਮੈਂ ਵਿਅੰਗਮਈ ਮੁਸਕਾਨ ਸੁੱਟਦਾ ਹਾਂ
ਮੈਨੂੰ ਪਤਾ ਹੈ
ਉਹ ਨਿੱਤ-ਦਿਨ ਵਿਗਿਆਨ ਨੂੰ ਸੇਵਾ ਵਿਚ ਰੱਖਦੇ
ਜੀਵਨ ਦੀਆਂ, ਰਾਜਨੀਤੀ ਤੇ ਧਰਮਾਂ ਦੀ ਠੇਕੇਦਾਰੀ ਦੀਆਂ
ਮੰਜ਼ਿਲਾਂ ਤੈਅ ਕਰ ਰਹੇ ਹਨ।
ਤੇ ਇਸੇ ਲਈ ਉਨ੍ਹਾਂ ਦਾ ਵਿਗਿਆਨ ਨੂੰ ਝੂਠਿਆਂ ਕਹਿਣਾ
ਇਕ ਧੋਖਾ ਹੈ ਪਾਖੰਡ ਹੈ
ਫਿਰ ਮੈਂ ਇਸ ਧੋਖੇ ਪਾਖੰਡ ਦੇ ਰਾਹ ਤੇ ਪੈਰ ਕਿਉਂ ਧਰਾਂ?

ਉਹ ਕਹਿੰਦੇ ਹਨ
ਮੇਰਾ ਰਾਹ ਰਾਜ-ਸੱਤਾ ਨੂੰ ਨਮਸਕਾਰ ਕਰਨ ਵਲ ਜਾਂਦਾ ਹੈ,
ਕਿਉਂਕਿ ਰਾਜ ਸਤਾ ਨੇ ਮੈਨੂੰ ਨੌਕਰੀ ਬਖਸ਼ੀ ਹੈ।
ਰਾਜ ਸੱਤਾ ਨੇ ਮੈਨੂੰ ਜ਼ਿੰਦਗੀ ਦੀ ਰੋਜ਼ੀ ਦਿੱਤੀ ਹੈ।
ਪਰ ਮੈਂ ਜਾਣਦਾ ਹਾਂ ਕਿ ਰਾਜਸੱਤਾ ਇਕ ਹੁੰਦੀ ਜਾਂ ਦੂਸਰੀ।
ਮੈਨੂੰ ਨੌਕਰੀ ਲੈਣ ਲਈ,
ਅਜਿਹੀਆਂ ਹੀ ਜਨਮ-ਪੀੜਾਂ ਵਿਚੋਂ ਲੰਘਣਾ ਪੈਣਾ ਸੀ,
ਜਿਨ੍ਹਾਂ ਵਿਚੋਂ ਲੰਘਣ ਬਾਦ,
ਅੱਧੀਓਂ ਵੱਧ ਉਮਰ ਭੋਗ ਕੇ,
ਕਿਤਾਬਾਂ ਨਾਲ ਮੱਥਾ ਮਾਰ ਕੇ,
ਮੈਂ ਹੁਣ ਵਾਲੀ ਥਾਂ ਤੇ
ਸਿਫ਼ਾਰਸ਼ਾਂ ਤੇ ਪੈਸਿਆਂ ਦੇ ਚੜ੍ਹਾਵੇ ਨਾਲ ਹੀ ਪਹੁੰਚਦਾ।
ਮੇਰਾ ਵਿਸ਼ਵਾਸ ਹੈ ਕਿ ਕਿਸੇ ਹੋਰ ਰਾਜ ਸੱਤਾ ਵੇਲੇ
ਮੈਂ ਹੁਣ ਨਾਲੋਂ
ਵਧੇਰੇ ਮਾਨਸਿਕ ਸ਼ਾਂਤੀ ਦਾ ਜੀਵਨ ਬਤੀਤ ਕਰ ਸਕਦਾ।
ਇਸ ਲਈ ਰਾਜ-ਸੱਤਾ ਦੀ ਚੌਗਾਠ ਤੇ ਸਿਰ ਝੁਕਾਉਣਾ,
ਮੈਂ ਮੰਨ ਨਹੀਂ ਸਕਦਾ।
ਕਿਉਂਕਿ ਸਿਰ ਸੋਚਣ ਲਈ ਹੈ,
ਚੁਗਾਠਾਂ ਤੇ ਰਗੜਨ ਲਈ ਨਹੀਂ।

ਹੁਣ ਇਕੋ ਇਕ ਰਾਹ ਰਹਿ ਜਾਂਦਾ ਹੈ,
ਜਿਸ ਉਪਰ ਮੈਂ ਅਗਾਂਹ ਵਧਦਾ ਹੈ।
ਤੇ ਉਹ ਰਾਹ ਹੈ,
ਵਿਰਸੇ ਨੂੰ ਤ੍ਰਿੱਖੀ ਨਜ਼ਰੇ ਤੋਲ ਕੇ
ਸੋਨੇ ਤੇ ਪੱਥਰ ਨੂੰ ਵੱਖ ਕਰਕੇ
ਸੋਨੇ ਨੂੰ ਅਪਣਾਉਣ ਦਾ ਪੱਥਰਾਂ ਨੂੰ ਗੁਆਉਣ ਦਾ।
ਇਹ ਉਹ ਰਾਹ ਹੈ
ਜਿਸਤੇ ਤੁਰਿਆਂ ਰਹੱਸ ਕੁਝ ਵੀ ਨਹੀਂ
ਅੱਜ ਦਾ ਰਹੱਸ ਕਲ੍ਹ ਦਾ ਤੱਥ ਹੋਵੇਗਾ
ਜਿਸ ਨੂੰ ਮਨੁੱਖ ਨੇ
ਤਲੀ ਤੇ ਰੱਖ ਕੇ ਵੇਖਣਾ ਹੈ।
ਇਹ ਉਹ ਰਾਹ ਹੈ ਜਿਸ ਤੇ,
ਸਿਰ ਨੂੰ ਝੁਕਾਉਣ ਦੀ ਕੀਮਤ ਨਹੀਂ ਪੈਂਦੀ,
ਸਿਰ ਦੀ ਸੋਚ ਦੀ ਕੀਮਤ ਪੈਂਦੀ ਹੈ।
ਰਾਹ ਕੰਡਿਆਂ ਭਰਿਆ ਵੀ ਹੈ ਤੇ ਔਖਾ ਵੀ।
ਪਰ ਜਿਸ ਰਾਹ ਤੇ ਹੁਣ ਤੱਕ ਸਫਲਤਾ ਨਾਲ ਤੁਰਦਾ ਹਾਂ
ਤੇ ਜਿਸ ਰਾਹ ਤੇ ਤੁਰਿਆਂ
ਸੋਚਣ ਤੇ ਕਰਨ ਵਿਚ ਘੱਟ ਤੋਂ ਘੱਟ ਅੰਤਰ ਹੈ।
ਜਿਸ ਦੇ ਨਤੀਜੇ ਸੌ ਫ਼ੀ ਸਦੀ ਨਹੀਂ ਤਾਂ
ਘੱਟੋ ਘੱਟ ਨੱਬੇ ਫ਼ੀ ਸਦੀ
ਜਾਂ ਸੱਠ ਸੱਤਰ ਫ਼ੀ ਸਦੀ ਠੀਕ ਨਿਕਲਦੇ ਹਨ;
ਇਸ ਰਾਹ ਨੂੰ ਛੱਡ ਕੇ ਮੈਂ
ਉਹਨਾਂ ਰਾਹਾਂ ਨੂੰ ਕਿਉਂ ਅਪਣਾਵਾਂ
ਜਿਸਦਾ ਨਤੀਜਾ, ਹਮੇਸ਼ਾ ਸਿਫ਼ਰ ਹੀ ਰਹਿੰਦਾ ਹੈ।

ਉਨ੍ਹਾਂ ਦੀ ਕਹੀ ਗੱਲ ਨੂੰ ਮੈਂ ਮੁੜ ਮੁੜ
ਸੋਚਿਆ ਤੇ ਵਿਚਾਰਿਆ ਹੈ।
ਸੋਚਣ ਵਿਚਾਰਨ ਉਪਰੰਤ
ਮੈਂ ਆਪਣੇ ਰਾਹੇ ਹੀ ਤੁਰਨ ਦਾ ਫ਼ੈਸਲਾ ਕੀਤਾ ਹੈ।
ਇਸ ਰਾਹ ਉਪਰ ਉਦੋਂ ਤੱਕ ਤੁਰਦਾ ਜਾਵਾਂਗਾ
ਜਦੋਂ ਤੱਕ ਮੈਨੂੰ ਦੁਬਾਰਾ ਚੁਰਾਹੇ ਤੇ ਨਹੀਂ ਆਉਣਾ ਪੈਂਦਾ
ਉਦੋਂ ਤਕ ਮੈਨੂੰ "ਉਨ੍ਹਾਂ" ਦੇ ਦਰਸ਼ਨ ਵੀ ਨਹੀਂ ਹੋਣਗੇ।੦

Registered with the Registrar, News Papers, Vide No MA/1239?-D dated 18.4 80
Post Office No P/AR—133

# ਪੰਜਾਬ ਲੋਕ ਸਭਿਆਚਾਰ ਮੰਚ ਦਾ ਸਾਲਾਨਾ ਸਥਾਪਨਾ ਦਿਵਸ 16 ਮਾਰਚ ਛੰਦੜਾ ਵਿਖੇ

14 ਮਾਰਚ 1982, ਨਸਰਾਲੀ ਵਿਖੇ ਪੰਜਾਬ ਲੋਕ ਸਭਿਆਚਾਰ ਮੰਚ ਦੀ ਸਥਾਪਨਾ ਕੀਤੀ ਗਈ ਸੀ। ਇਸੇ ਸਾਲ 20 ਜੂਨ ਮਹਿਲ ਗਹਿਲਾਂ ਦੇ ਸਮਾਗਮ ਵਿਚ ਸੰਸਥਾ ਦਾ ਐਲਾਨਨਾਮਾ ਤੇ ਵਿਧਾਨ ਪਾਸ ਕੀਤਾ ਗਿਆ। ਇਸ ਐਲਾਨ-ਨਾਮਾ ਦੇ ਅਨੁਸਾਰ ਪੰਜਾਬ ਲੋਕ ਸਭਿਆਚਾਰ ਮੰਚ ਐਸੇ ਕਾਮਿਆਂ ਦੀ ਜਥੇਬੰਦੀ ਹੈ, ਜਿਸਨੇ ਸਭਿਆਚਾਰ ਖੇਤਰ ਵਿਚ ਸਕਾਰਆਤਮਕ ਪਹਿਲੂਆਂ ਨੂੰ ਸਥਾਪਤ ਕਰਦੇ ਹੋਏ ਮੌਜੂਦਾ ਗਲੇ ਸੜੇ ਨਿਜ਼ਾਮ ਨੂੰ ਬਦਲ ਸੁੱਟਣ ਲਈ ਲੋਕਾਂ ਨੂੰ ਪ੍ਰੇਰਤ ਕਰਨਾ ਹੈ। ਮੁੱਢਲੇ ਦੋ ਸਾਲਾਂ ਵਿਚ ਇਸ ਜਥੇਬੰਦੀ ਨੇ ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿਚ ਸਮਾਗਮ ਕਰਵਾ ਕੇ ਆਪਣੀ ਪਹਿਚਾਣ ਦਾ ਕੰਮ ਮੁਕੰਮਲ ਕੀਤਾ। ਨਸਰਾਲੀ, ਮਹਿਲ ਗਹਿਲਾਂ, ਘੁੰਗਰਾਲੀ, ਅਗੰਮਪੁਰ, ਲਹਿਰਾਗਾਗਾ, ਕੋਟਕਪੂਰਾ, ਛੰਦੜਾ, ਪੁਰਹੀਰਾ, ਜਲੰਧਰ, ਅਮ੍ਰਿਤਸਰ, ਕਬਰਵਾਲਾ, ਗਿਦੜਬਾਹਾ, ਦੂਰ ਦੂਰ ਇਲਾਕਿਆਂ ਵਿਚ ਮੰਚ ਵਲੋਂ ਸਭਿਆਚਾਰਕ ਵਿਸ਼ਿਆਂ ਤੇ ਗੋਸ਼ਟੀਆਂ, ਨਾਟਕ ਤੇ ਗੀਤ ਸਮਾਗਮ ਕਰਵਾਏ ਗਏ। ਇਸ ਸਾਲ ਪੰਜਾਬ ਵਿਚ ਏਨੀ ਅਸੁਖਾਵੀਂ ਹਾਲਤ ਹੋਣ ਤੇ ਵੀ ਮੰਚ ਨੇ ਆਪਣੀਆਂ ਸਰਗਰਮੀਆਂ ਜਾਰੀ ਰੱਖੀਆਂ। ਵੱਡੇ ਨਾਟਕ ਸਮਾਗਮਾਂ ਦੀ ਖੁਲ੍ਹੀ ਇਜਾਜ਼ਤ ਨਾ ਹੋਣ ਕਰਕੇ ਮੰਚ ਵਲੋਂ ਆਪਣੀ ਪਹਿਲ ਕਦਮੀ ਕਰਕੇ ਵੀ ਸਾਹਿਤਕ ਸਮਾਗਮ ਕਰਵਾਏ ਗਏ ਤੇ ਹੋਰ ਥਾਵਾਂ ਤੇ ਵੀ ਮੰਚ ਦੇ ਸੰਚਾਲਕ ਉਥੋਂ ਦੀਆਂ ਸਾਹਿਤ ਸਭਾਵਾਂ ਦੇ ਸਮਾਗਮਾਂ ਵਿਚ ਜਾ ਕੇ ਇਸ ਮੌਜੂਦਾ ਸਥਿਤੀ ਵਿਚ ਸਾਹਿਤ-ਕਾਰਾਂ ਦੀ ਭੂਮਿਕਾ ਬਾਰੇ ਵਿਚਾਰ ਗੋਸ਼ਟੀਆਂ ਵਿਚ ਹਿੱਸਾ ਲੈਂਦੇ ਰਹੇ। ਤਲਵਾੜਾ, ਬੁਲੋਵਾਲ, ਚੰਡੀਗੜ੍ਹ, ਹੁਸ਼ਿਆਰਪੁਰ, ਖੰਨਾ, ਕੋਟਕਪੂਰਾ, ਸਮਰਾਲਾ ਤੇ ਰਾਮਪੁਰਫੂਲ ਵਿਖੇ ਇਹ ਸਾਰੇ ਸਮਾਗਮ ਬੜੇ ਹੀ ਸਫਲ ਸਮਾਗਮ ਸਨ।

ਇਸ ਸਾਲ 26 ਜਨਵਰੀ ਦਾ ਪਲਸ ਮੰਚ ਦਾ ਸੂਬਾਈ ਸਮਾਗਮ ਪੰਜਾਬ ਦੇ ਸਭਿਆਚਾਰਕ ਇਤਿਹਾਸ ਚ ਇਕ ਯਾਦਗਾਰੀ ਸਮਾਗਮ ਸਥਾਪਤ ਹੋਇਆ ਹੈ। ਹੁਣ 16ਮਾਰਚ ਛੰਦੜਾ ਵਿਖੇ ਮੰਚ ਦਾ ਸਾਲਾਨਾ ਸਥਾਪਨਾ ਦਿਵਸ ਹੋ ਰਿਹਾ ਹੈ, ਜਿਸ ਵਿਚ ਵਧੀਆ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਏਗਾ ਅਤੇ ਨਾਲ ਹੀ ਅਹੁਦੇਦਾਰਾਂ ਦੀ ਚੋਣ ਹੋਵੇਗੀ। ਇਹ ਸਾਰਾ ਪ੍ਰੋਗਰਾਮ ਛੰਦੜਾ ਦੀ ਪੱਕੀ ਸਟੇਜ ਤੇ ਕੀਤਾ ਜਾਏਗਾ, ਜਿਸਨੂੰ ਪਿਛਲੇ ਸਾਲ ਇਪਾਨਾ (ਕੈਨੇਡਾ) ਤੋਂ ਫੰਡ ਨਾਲ ਅਤੇ ਪਿੰਡ ਨਿਵਾਸੀਆਂ ਦੀ ਸਹਾਇਤਾ ਨਾਲ ਉਸਾਰਿਆ ਗਿਆ ਸੀ।

## ਪ੍ਰੋਗਰਾਮ ਸ਼ਨੀਵਾਰ 16 ਮਾਰਚ

12 ਤੋਂ 2 ਵਜੇ ਤੱਕ—ਪਿਛਲੇ ਸਾਲ ਦੇ ਕੰਮਾਂ ਦਾ ਰੀਵੀਊ, ਚੋਣ ਅਤੇ ਅਗਲੇ ਸਾਲ ਲਈ ਕੰਮ ਮਿਥਣਾ।

2 ਤੋਂ 3 ਵਜੇ ਤੱਕ—ਸਕੂਲ ਬੱਚਿਆਂ ਦਾ ਗੀਤ, ਕਵਿਤਾ ਅਤੇ ਮੋਨੋ ਐਕਟਿੰਗ ਦਾ ਮੁਕਾਬਲਾ।

3 ਤੋਂ 5 ਵਜੇ ਤੱਕ—ਸਮੂਹ ਗੀਤ। 7 ਤੋਂ 8 ਵਜੇ ਤੱਕ—ਐਕਸ਼ਨ ਗੀਤ।

8 ਤੋਂ 9 ਵਜੇ ਤੱਕ—ਕਵਿਤਾ ਸਮਾਗਮ। ਰਾਤ 9 ਵਜੇ ਤੋਂ ਸਵੇਰੇ 5 ਵਜੇ ਤੱਕ—ਨਾਟਕ ਅਤੇ ਗੀਤ ਸਮਾਗਮ

ਨਾਟਕ ਸਮਾਗਮ ਵਿਚ ਦੇਵ ਪੁਰਸ਼ ਹਾਰ ਗਏ, 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' (ਡਾ. ਆਤਮਜੀਤ ਸਿੰਘ), ਭਗਤ ਸਿੰਘ ਦੀ ਪ੍ਰਸਿੱਧ ਕਿਰਤ 'ਬੰਬ ਦਾ ਫਲਸਫਾ' ਤੇ ਅਧਾਰਿਤ ਪ੍ਰੋ. ਦੀਦਾਰ ਸਿੰਘ ਰਚਿਤ ਕਵਿਤਾ ਦਾ ਨਾਟਕੀ ਰੂਪ ਅਤੇ ਜਲੰਧਰ ਸਮਾਗਮ ਦੀਆਂ ਚੋਣਵੀਆਂ ਕਿਰਤਾਂ ਪੇਸ਼ ਕੀਤੀਆਂ ਜਾਣਗੀਆਂ।

o ਸਮਾਗਮ ਤੇ ਬਾਹਰੋਂ ਆਏ ਮਹਿਮਾਨਾਂ ਲਈ ਰੋਟੀ ਦਾ ਇੰਤਜ਼ਾਮ ਹੋਵੇਗਾ।

o ਛੰਦੜਾ ਆਉਣ ਲਈ ਲੁਧਿਆਣਾ ਸਮਰਾਲਾ ਰੋਡ ਤੇ ਕਟਾਨੀ ਕਲਾਂ ਬੱਸ ਅੱਡੇ ਤੇ ਉਤਰਨਾ ਹੈ। ਉਥੋਂ ਛੰਦੜਾ $1\frac{1}{2}$ ਕਿਲੋਮੀਟਰ ਦੇ ਫ਼ਾਸਲੇ ਤੇ ਹੈ। ਕਟਾਨੀ ਕਲਾਂ ਤੋਂ ਛੰਦੜਾ ਤੱਕ ਲਿਆਉਣ ਦਾ ਪ੍ਰਬੰਧ ਵੀ ਪ੍ਰਬੰਧਕਾਂ ਵਲੋਂ ਕੀਤਾ ਜਾਏਗਾ।

o ਪਲਸ ਮੰਚ ਦੇ ਅਹੁਦੇਦਾਰਾਂ ਦੀ ਚੋਣ 16 ਮਾਰਚ 12—2 ਵਜੇ ਦੇ ਸੈਸ਼ਨ ਵਿਚ ਕੀਤੀ ਜਾਏਗੀ। ਹਰ ਉਹ ਸਭਿਆਚਾਰਕ ਕਾਮਾ/ਟੋਲੀ, ਜਿਹੜੀ ਪੰਜਾਬ ਲੋਕ ਸਭਿਆਚਾਰਕ ਮੰਚ ਦੇ ਐਲਾਨਨਾਮੇ ਅਤੇ ਵਿਧਾਨ ਨਾਲ ਸਹਿਮਤ ਹੈ ਅਤੇ ਲਾਗੂ ਕਰਨ ਲਈ ਵਚਨਬੱਧ ਹੈ, ਉਹ 16 ਮਾਰਚ ਦੁਪਹਿਰ 12 ਵਜੇ ਤੱਕ ਮੁੱਢਲੀ ਮੈਂਬਰਸ਼ਿਪ ਲੈ ਕੇ ਚੋਣ ਵਿਚ ਹਿੱਸਾ ਲੈ ਸਕਦਾ ਹੈ।

ਨਰੋਏ, ਉੱਚੇ ਤੇ ਸੁੱਚੇ ਸਭਿਆਚਾਰ ਦੇ ਚਾਹਵਾਨ ਲੋਕਾਂ ਨੂੰ ਅਪੀਲ ਹੈ ਕਿ ਮੰਚ ਦੇ ਸਮਾਗਮ ਵਿਚ ਸ਼ਾਮਲ ਹੋ ਕੇ ਇਸ ਦੀ ਸਫਲਤਾ ਲਈ ਵੱਡੇ ਪੈਮਾਨੇ ਤੇ ਸਹਿਯੋਗ ਦੇਣ।

**ਸਬਜਿੰਦਰ ਕੇਦਾਰ** ਸਕੱਤਰ ਪਲਸ ਮੰਚ

**ਗੁਰਸ਼ਰਨ ਸਿੰਘ** ਪ੍ਰਧਾਨ ਪਲਸ ਮੰਚ